Be Good Do Good Be One

**Under Unity of Man (Regd.), KIRPAL SAGAR**

ਜਾ ਪਲ ਦਰਸਨ ਸਾਧੂ ਕਾ ਤਾਂ ਪਲ ਕੋ ਬਲਿਹਾਰ॥ ਸਤਿਨਾਮ ਰਸਨਾ ਵਸੈ ਲੀਜੈ ਜਨਮ ਸੁਧਾਰ॥

# ਮਾਨਵ ਆਦੇਸ਼

ਪ੍ਰਿੰਟਰ ਅਤੇ ਪਬਲਿਸ਼ਰ :- **ਕਰਮਜੀਤ ਸਿੰਘ**

ਸੰਪਾਦਕ :- **ਰੇਸ਼ਮ ਸਿੰਘ**

## ਨੋਟ:-

1. ਮਾਨਵ ਆਦੇਸ਼ ਮਾਸਿਕ ਪੱਤਰ ਹਰ ਮਹੀਨੇ ਦੀ 4 ਤਰੀਕ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ।
2. ਇਸ ਦਾ ਸਲਾਨਾ ਚੰਦਾ 50/- ਰੁਪਏ ਹੈ। 3. ਇੱਕ ਕਾਪੀ ਮੁੱਲ 10 ਰੁਪਏ।
4. ਮਾਨਵ ਆਦੇਸ਼ ਨੂੰ ਚੰਦਾ ਜਾਂ ਸੁਝਾਅ ਭੇਜਣ ਦਾ ਪਤਾ ਹੇਠ ਦਿੱਤੇ ਅਨੁਸਾਰ ਹੈ।

ਸੰਪਾਦਕ :- "ਮਾਨਵ ਆਦੇਸ਼" ਪੰਜਾਬੀ

**ਮਾਨਵ ਏਕਤਾ ਕੇਂਦਰ, ਕਿਰਪਾਲ ਸਾਗਰ**

ਵਾਇਆ ਰਾਹੋਂ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਪੰਜਾਬ)

**☎ 01823-266100, Mob. 94174-43691**

E-mail : manavadeshks128@gmail.com

ਪੰਜਾਬ ਦੀ ਚਿੱਠੀ ਨੰ.: 3/17/83 ਚੰਡੀਗੜ੍ਹ ਰਾਹੀਂ, ਵਿੱਦਿਅਕ ਸੰਸਥਾਵਾਂ, ਸਕੂਲਾਂ ਤੇ
ਸਮਾਜਿਕ ਸਿੱਖਿਆ ਕੇਂਦਰਾਂ ਆਦਿ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।
ਕਿਰਪਾਲ ਸਾਗਰ ਪ੍ਰਿੰਟਿੰਗ ਪ੍ਰੈਸ, ਕਿਰਪਾਲ ਸਾਗਰ (ਰਾਹੋਂ) ਜ਼ਿਲ੍ਹਾ - ਸ਼ਹੀਦ ਭਗਤ ਸਿੰਘ ਨਗਰ



# ਮਾਨਵ ਆਦੇਸ਼

ਜਿਲਦ-41 ਦਸੰਬਰ-2021 ਅੰਕ-12


| ਲੜੀ ਨੰ. | ਨਾਮ | | ਸਫਾ |
|---|---|---|---|
| 1. | ਕੁੱਲ ਪੰਨੇ | | 36 |
| 2. | ਮਾਨਵ ਆਦੇਸ਼ ਦੀ ਜਾਣਕਾਰੀ | | 02 |
| 3. | ਤੱਤਕਰਾ | | 03 |
| 4. | ਪੋਖਿ ਤੁਖਾਰੁ ਨ ਵਿਆਪਈ .........// | ਪੋਹ ਮਹੀਨੇ ਦੀ ਸੰਗ੍ਰਾਂਦ | 04 |
| 5. | ਪੋਹ ਮਹੀਨਾ (ਕਵਿਤਾ) | ਪਰਮ ਸੰਤ ਕਿਰਪਾਲ ਸਿੰਘ ਜੀ ਮਹਾਰਾਜ | 05 |
| 6. | ਸੂਚਨਾ | ਮਾਸਟਰ ਰੇਸ਼ਮ ਸਿੰਘ | 06 |
| 7. | ਸਤਿਸੰਗ ਪ੍ਰਵਚਨ | ਪਰਮ ਸੰਤ ਕਿਰਪਾਲ ਸਿੰਘ ਜੀ ਮਹਾਰਾਜ | 07 |
| 8. | ਸਤਿਸੰਗ ਪ੍ਰਵਚਨ | ਪਰਮ ਸੰਤ ਡਾ. ਹਰਭਜਨ ਸਿੰਘ ਜੀ ਮਹਾਰਾਜ | 15 |
| 9. | ਸਤਿਸੰਗ ਪ੍ਰਵਚਨ | ਸਤਿਕਾਰਯੋਗ ਬੀਜੀ ਸੁਰਿੰਦਰ ਕੌਰ ਜੀ | 23 |
| 10. | ਸਤਿਸੰਗ ਪ੍ਰਵਚਨ | ਸਤਿਕਾਰਯੋਗ ਕਰਮਜੀਤ ਸਿੰਘ ਜੀ (ਚੇਅਰਮੈਨ) | 29 |
| 11. | ਪ੍ਰੋਗਰਾਮਾਂ ਦਾ ਵੇਰਵਾ | | 35 |

ੴ ਸਤਿਗੁਰ ਪ੍ਰਸਾਦਿ ॥

(ਪੋਹ ਮਹੀਨੇ ਦੀ ਸੰਗ੍ਰਾਂਦ 15 ਦਸੰਬਰ 2021 ਦਿਨ, ਬੁੱਧਵਾਰ)


# ਪੌਖ ਤੁਖਾਰੁ ਨ ਵਿਆਪਈ..........॥

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥11॥

**ਭਾਵ ਅਰਥ –** ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਪੋਹ ਮਹੀਨੇ ਸਬੰਧੀ ਫੁਰਮਾਉਂਦੇ ਹਨ ਕਿ ਉਹਨਾਂ ਜੀਵ ਰੂਪੀ ਇਸਤਰੀਆਂ ਨੂੰ ਪੋਹ ਮਹੀਨੇ ਦੀ ਠੰਡ ਨਹੀਂ ਵਿਆਪਦੀ, ਜਿਨ੍ਹਾਂ ਨੂੰ ਪ੍ਰਭੂ ਪਤੀ ਹਿਰਦੇ ਰੂਪੀ ਗਲੇ ਨਾਲ ਮਿਲ ਕੇ ਮਿਲ ਗਿਆ ਹੈ, ਉਨ੍ਹਾਂ ਦਾ ਮਨ ਪ੍ਰਭੂ-ਪਤੀ ਦੇ ਚਰਨਾਂ ਵਿੱਚ ਵਿੰਨਿਆ (ਜੁੜ) ਗਿਆ ਹੈ ਅਤੇ ਉਹਨਾਂ ਦੀ ਸੁਰਤੀ ਹਰ ਸਮੇਂ ਪ੍ਰਭੂ-ਪ੍ਰਮੇਸ਼ਰ ਦੇ ਦਰਸ਼ਨਾਂ ਦੀ ਤਾਂਘ ਵਿੱਚ ਜੁੜੀ ਰਹਿੰਦੀ ਹੈ। ਗੋਬਿੰਦ ਗੋਪਾਲ ਪ੍ਰਕਾਸ਼ਕ ਤੇਰੀ ਓਟ ਲਈ ਹੈ, ਉਹ ਇਸ ਤਰ੍ਹਾਂ ਮਾਲਕ ਦੀ ਸੇਵਾ ਦਾ ਲਾਭ ਲੈਂਦੇ ਹਨ। ਉਹਨਾਂ ਵਿਸ਼ਿਆਂ ਨੂੰ ਰੂਪ ਵਾਸ਼ਨਾ ਛੋਹ ਨਹੀਂ ਸਕਦੀ ਹੈ, ਜਿਹੜੇ ਸਤਿਸੰਗ ਵਿੱਚ ਮਿਲ ਕੇ ਗੁਣ ਗਾਉਂਦੇ ਹਨ। ਜਿਸ ਪ੍ਰਮੇਸ਼ਰ ਤੋਂ ਜੀਵ ਇਸਤਰੀ ਪੈਦਾ ਹੋਈ ਸੀ, ਮੁੜ ਉਸੇ ਵਿੱਚ ਮਿਲ ਗਈ ਹੈ। ਇਸ ਲਈ ਸੱਚੀ ਪ੍ਰੀਤੀ ਕਰਕੇ ਸਮੂਹ ਅਨੰਦ ਹੋਇਆ ਹੈ। ਜਿਹੜੀ ਜੀਵ ਰੂਪੀ ਇਸਤਰੀ ਪਾਰਬ੍ਰਹਮ ਪਤੀ ਨੇ ਮਨ ਰੂਪੀ ਹੱਥ ਤੋਂ ਫੜ ਲਈ ਹੈ, ਉਹ ਫਿਰ ਵਿੱਛੜ ਕੇ ਵੱਖਰੀ ਨਹੀਂ ਹੁੰਦੀ। ਹਰੀ ਸੱਜਣ ਅਗੰਮ ਆਗਾਹ ਦੇ ਉੱਤੋਂ ਦੀ ਮੈਂ ਲੱਖਾਂ ਵਾਰ ਬਲਿਹਾਰ ਜਾਂਦੀ ਹਾਂ। ਗੁਰੂ ਜੀ ਆਖਦੇ ਹਨ, ਜਿਹੜੀਆਂ ਪਤੀ ਪ੍ਰਮੇਸ਼ਰ ਦੇ ਦਰਵਾਜੇ ਤੇ ਡਿੱਗ ਪਈਆਂ ਹਨ, ਉਹਨਾਂ ਦੀ ਪ੍ਰਮੇਸ਼ਰ ਪਤੀ ਨੂੰ ਲੱਜਿਆ ਪਈ ਹੈ, ਭਾਵ ਰੱਖਿਆ ਕੀਤੀ ਹੈ। ਪੋਹ ਮਹੀਨਾ ਉਸ ਆਦਮੀ ਨੂੰ ਸੋਹਣਾ ਤੇ ਸੁੱਖ ਦੇਣ ਵਾਲਾ ਹੈ, ਜਿਸ ਨੂੰ ਬੇਪ੍ਰਵਾਹ ਪ੍ਰਮੇਸ਼ਰ ਬਖਸ਼ ਲੈਂਦਾ ਹੈ।

# ਪੋਹ ਮਹੀਨਾ

**ਕ੍ਰਿਪਾਲ ਵਾਣੀ**



ਪੰਨਾ-85

## ਪਰਮ ਸੰਤ ਕਿਰਪਾਲ ਸਿੰਘ ਜੀ ਮਹਾਰਾਜ

ਪੋਹ ਮਹੀਨਾ ਚੜ ਪਿਆ ਤੇ ਪਾਲੇ ਪਹੁੰਚੇ ਆਣ,
ਤੇਰੇ ਪਿੱਛੇ ਪਿਆਰਿਆ ਛੋੜਿਆ ਸਭ ਜਹਾਨ।

ਅੱਜ ਪੋਹ ਸਰਦ ਰੁੱਤ ਆਈ ਤੇਰੀ ਜੁਦਾਈ,
ਸਹੀ ਨਹੀਂ ਜਾਂਦੀ, ਰੋਵਾਂ ਦਿਨ ਰਾਤੀ।

ਮੈਂ ਕਿਉਂ ਕਰ ਪਿਆ ਗੁਮਾਨ, ਬੈਠ ਪਛਤਾਤੀ,
ਮੈਂ ਰੋਵਾਂ ਬੈਠ ਇਕਾਂਤ ਪਾਸ ਨਹੀਂ ਕੰਤ।

ਜੀਆ ਔਰ ਜੰਤ ਸਭੀ ਸੁੱਖ ਪਾਵੇ,
ਮੋਹੇ ਨਜ਼ਰ ਨਾ ਆਵੇ ਲਾਲ ਜੀਆ ਘਬਰਾਵੇ।

ਭਲੇ ਬਣੋ !

ਇੱਕ ਹੋ ਜਾਓ!!!


Be good Do Good Be one

ਭਲਾ ਕਰੋ !!

ਗੁਰੂ ਪਿਆਰੀ ਸਾਧ ਸੰਗਤ ਜੀਓ !

ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ

ਪਰਮ ਸੰਤ ਡਾ. ਹਰਭਜਨ ਸਿੰਘ ਜੀ ਮਹਾਰਾਜ



ਪਰਮ ਸੰਤ ਡਾ. ਹਰਭਜਨ ਸਿੰਘ ਜੀ ਮਹਾਰਾਜ

ਦਾ

# ਜਨਮ ਦਿਵਸ

ਹਰ ਸਾਲ ਦੀ ਤਰ੍ਹਾਂ **10 ਦਸੰਬਰ 2021 ਦਿਨ, ਸ਼ੁੱਕਰਵਾਰ** ਨੂੰ ਕਿਰਪਾਲ ਸਾਗਰ, ਨਜਦੀਕ-ਰਾਹੋਂ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸੋ ਆਪ ਸਭ ਨੂੰ ਇਸ ਮੌਕੇ ਤੇ ਪਹੁੰਚਣ ਲਈ ਬੇਨਤੀ ਕਰਦੇ ਹਾਂ।

## ਪ੍ਰੋਗਰਾਮ

| | |
|---|---|
| **9 ਦਸੰਬਰ 2021 ਦਿਨ, ਵੀਰਵਾਰ** | |
| ਸਤਿਸੰਗ | 6.00 ਤੋਂ 8:00 ਵੱਜੇ ਸ਼ਾਮ |
| ਫਿਲਮਾਂ (ਧਾਰਮਿਕ) | 8.00 ਤੋਂ 9:00 ਵੱਜੇ ਰਾਤ |
| **10 ਦਸੰਬਰ 2021 ਦਿਨ, ਸ਼ੁੱਕਰਵਾਰ** | |
| ਸ਼ਬਦ ਤੇ ਕਵਿਤਾਵਾਂ | 10.00 ਤੋ 11.00 ਵੱਜੇ ਸਵੇਰੇ |
| ਆਏ ਹੋਏ ਡੈਲੀਗੇਟ ਦੇ ਵਿਚਾਰ | 11.00 ਤੋ 12.30 ਵੱਜੇ ਸਵੇਰੇ |
| ਸਤਿਸੰਗ | 12.30 ਤੋ 1.30 ਵੱਜੇ ਦੁਪਹਿਰ |
| ਸਤਿਸੰਗ | 6.00 ਤੋਂ 8:00 ਵੱਜੇ ਸ਼ਾਮ |
| ਫਿਲਮਾਂ (ਧਾਰਮਿਕ) | 8.00ਤੋਂ 9:00 ਵੱਜੇ ਰਾਤ |
| **11 ਦਸੰਬਰ 2021 ਦਿਨ, ਸ਼ਨੀਵਾਰ** | |
| ਨਾਮ ਦਾਨ | 8.00 ਵੱਜੇ ਸਵੇਰੇ |


ਨੋਟ 9 ਦਸੰਬਰ 2021, ਨੂੰ ਫਰੀ ਮੈਡੀਕਲ ਕੈਂਪ, ਕਿਰਪਾਲ ਚੈਰੀਟੇਬਲ ਹਸਪਤਾਲ ਵਿਖੇ ਲਗ ਰਿਹਾ ਹੈ ।

9 ਦਸੰਬਰ 2021 ਨੂੰ, ਗਰੀਬ ਅਤੇ ਜ਼ਰੂਰਤਮੰਦਾਂ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਕੀਤੇ ਜਾਣਗੇ।

ਸੰਪਰਕ ਕਰੋ : 94174-43691, 01823-266100

ਗੁਰੂ ਕਾ ਲੰਗਰ ਅਤੁੱਟ ਵਰਤੇਗਾ

# ਸਤਿਸੰਗ ਪ੍ਰਵਚਨ



**ਪਰਮ ਸੰਤ ਕਿਰਪਾਲ ਸਿੰਘ ਜੀ ਮਹਾਰਾਜ**

**ਸਭਾ-38**

## ਦਿਲ ਨਾਲ ਦਿਲ ਦੀ ਗੱਲ ਸਮਾਂ 3 ਦਸੰਬਰ, 1970, ਸ਼ਾਮ

**ਲੜੀ ਜੋੜਨ ਲਈ ਪਿੱਛਲੇ ਮਾਂਹ ਦਾ ਅੰਕ ਵੇਖੋ........//**

ਇਸ ਸਮੇਂ ਜੋ ਵੀ ਸੁਣਿਆ ਹੈ, ਸਮਝਿਆ ਹੈ, ਉਸ ਨੂੰ ਹਜ਼ਮ ਕਰੋ। ਦੁਨੀਆਂਦਾਰੀ ਦੇ ਬੰਧਨਾਂ ਵਿੱਚੋਂ ਮੁਕਤ ਹੋ ਜਾਉ ਅਤੇ ਆਪਣੇ ਅਸਲੀ ਘਰ ਜਾਣ ਦਾ ਯਤਨ ਕਰੋ। ਰੂਹਾਨੀ ਪੁਰਸ਼ ਜਾਂ ਪ੍ਰਮਾਰਥੀ ਕੌਣ ਹੈ ? ਜਿਸ ਦਾ ਜੀਵਨ ਰੂਹਾਨੀ ਹੈ, ਜੋ ਆਤਮਾ ਵਿਚ ਰਹਿੰਦਾ ਹੈ। ਬਹੁਤ ਸਿੱਧੀ ਤੇ ਸਰਲ ਪ੍ਰੀਭਾਸ਼ਾ ਹੈ। ਦੁਨੀਆਂਦਾਰ ਉਹ ਹੈ, ਜੋ ਇਸ ਜਿਸਮ ਵਿਚ ਅਤੇ ਇਸ ਭੌਤਿਕ ਜਗਤ ਵਿਚ ਰਹਿੰਦਾ ਹੈ ਅਤੇ ਅਧਿਆਤਮਵਾਦੀ ਉਹ ਹੈ, ਜੋ ਆਤਮਾ ਵਿਚ ਰਹਿੰਦਾ ਹੈ ਅਤੇ ਅਧਿਆਤਮ ਮੰਡਲਾਂ ਵਿੱਚ ਵਿੱਚਰਦਾ ਹੈ।

### ਸਭਾ-38

**ਮਹਾਰਾਜ ਜੀ :** ਇਸ ਦੁਨੀਆਂ ਵਿੱਚ ਨਦੀਆਂ, ਨਾਲੇ ਤੁਹਾਡੇ ਵਾਸਤੇ ਕਿਤਾਬਾਂ ਵਾਂਗ ਹਨ ਅਤੇ ਪੱਥਰ ਵੀ ਤੁਹਾਡੇ ਲਈ ਕੋਈ ਨਾ ਕੋਈ ਉਪਦੇਸ਼ ਲਈ ਬੈਠੇ ਹਨ। ਗੱਲ ਕੀ, ਦੁਨੀਆਂ ਦੀ ਹਰ ਇੱਕ ਚੀਜ਼ ਤੁਹਾਨੂੰ ਉਪਦੇਸ਼ ਦਿੰਦੀ ਹੈ। ਆਦਮੀ ਭਾਵੇਂ ਕੁਝ ਵੀ ਨਾ ਕਰੇ, ਸਿਰਫ਼ ਬਾਹਰੋਂ ਹੱਟ ਕੇ ਆਪਣੇ ਅੰਤਰ ਵਿੱਚ ਸਥਿੱਤ ਹੋ ਜਾਵੇ, ਉਹ ਪ੍ਰਭੂ ਨੂੰ ਪਾ ਲਵੇਗਾ। ਪਰਮਾਤਮਾ ਪਹਿਲਾਂ ਸਿਰਫ਼ ਇਕੱਲਾ ਹੀ ਸੀ, ਉਸ ਨੇ ਚਾਹਿਆ,"ਮੈਂ ਅਨੇਕ ਹੋ ਜਾਵਾਂ।" ਉਸ ਨੇ ਕਿਹਾ ਅਤੇ ਅਨੇਕ ਹੋ ਗਿਆ। ਪਰਮਾਤਮਾ ਅਨਾਮ ਹੈ ਅਤੇ ਸ਼ਬਦਾਂ ਦੇ ਬੰਧਨ ਤੋਂ ਬਾਹਰ ਹੈ। ਜਦੋਂ ਉਸ ਨੇ ਕਿਹਾ,"ਮੈਂ ਇੱਕ ਹਾਂ, ਅਨੇਕ ਹੋ ਜਾਵਾਂ" ਉਸ ਦੀ ਕਲਪਨਾ ਦੀ ਲਹਿਰ ਨਾਲ ਹੀ ਇੱਕ ਹਿਲੌਰ ਪੈਦਾ ਹੋਈ ਅਤੇ ਦੋ ਸੁਰਤਾਂ ਪੈਦਾ ਹੋਈਆਂ, ਜੋਤੀ ਅਤੇ ਸੁਰਤਿ ਜਾਂ ਸ਼ਬਦ-ਧੁੰਨ, ਜਿਸ ਨੂੰ ਨਾਮ ਕਹਿੰਦੇ ਹਨ। ਉਹ ਅਨਾਮ ਹੋਂਦ ਵਿੱਚ ਨਾਮ ਹੋ ਗਿਆ, ਸ਼ਬਦ ਹੋ ਗਿਆ, ਜਿਹੜਾ ਕਿ ਸਭ ਦਾ ਕਰਤਾ-ਧਰਤਾ, ਪ੍ਰਿਤਪਾਲਕ ਅਤੇ ਜੀਵਨ ਆਧਾਰ ਹੈ।

ਇਸੇ ਲਈ ਪਰਮਾਤਮਾ ਅਨਾਮ ਹੈ ਅਤੇ ਬਿਆਨ ਤੋਂ ਬਾਹਰ ਹੈ। ਉਹ ਉੱਚੀ ਤੋਂ ਉੱਚੀ ਅਵੱਸਥਾ ਹੈ, ਜਿਸ ਨੂੰ

ਅਸੀ ਪਾਉਣਾ ਹੈ, ਉਹ ਸ਼ਾਂਤ, ਸਥਿੱਰ ਅਤੇ ਅਵਚਲਨ ਮਨਮੁਨੀ ਅਵੱਸਥਾ ਹੈ। ਹਲਚਲ ਅਤੇ ਅਸਥਿੱਰਤਾ ਉਸ ਸਮੇਂ ਪੈਦਾ ਹੁੰਦੀ ਹੈ, ਜਦੋਂ ਸਾਡੇ ਮਨ ਵਿੱਚ ਵੇਗ ਉੱਠਦੇ ਹਨ, ਲਹਿਰਾਂ ਅਤੇ ਤਰੰਗਾਂ ਉੱਠਦੀਆਂ ਹਨ। ਵੇਗ ਨਾ ਉਠੱਣ ਦਿਉ, ਸਥਿੱਰਤਾ ਬਣੀ ਰਹੇਗੀ। ਵੇਗ ਉਠੱਣਗੇ ਤਾਂ ਅੰਦਰ ਜੋ ਸ਼ਬਦ-ਧੁੰਨ ਚੱਲ ਰਹੀ ਹੈ, ਉਸ ਨੂੰ ਤੁਸੀਂ ਸੁਣ ਨਹੀਂ ਸਕੋਗੇ, ਇਸ ਸਰੀਰ ਵਿੱਚ ਜਗ ਰਹੀ ਪ੍ਰਭੂ ਦੀ ਜੋਤੀ ਨੂੰ ਦੇਖ ਨਹੀਂ ਸਕੋਗੇ। ਪਹਿਲਾਂ ਮਨ ਵਿੱਚ ਉੱਠਣ ਵਾਲੀਆਂ ਲਹਿਰਾਂ ਨੂੰ ਸ਼ਾਂਤ ਕਰੋ। ਜਿੱਥੇ ਸਮੁੰਦਰ ਬਹੁਤ ਡੂੰਘਾ ਹੁੰਦਾ ਹੈ, ਉੱਥੇ ਲਹਿਰਾਂ ਨਹੀਂ ਉਠੱਦੀਆਂ। ਜਿੱਥੇ ਪਾਣੀ ਡੂੰਘਾ ਨਹੀਂ, ਉੱਥੇ ਲਹਿਰਾਂ ਉੱਠਦੀਆਂ ਰਹਿੰਦੀਆਂ ਹਨ।

ਜੋ ਵਿਅਕਤੀ ਇਹ ਕਹਿੰਦਾ ਹੈ,"ਮੈਂ ਕੁਝ ਨਹੀਂ ਕਰਦਾ" ਉਹ ਪ੍ਰਭੂ ਵਿੱਚ ਅਭੇਦ ਹੋ ਜਾਂਦਾ ਹੈ, ਉਸ ਦਾ ਸਹਿਯੋਗੀ ਬਣ ਜਾਂਦਾ ਹੈ। ਉਹ ਦੇਖਦਾ ਹੈ ਅਤੇ ਅਨੁਭਵ ਕਰਦਾ ਹੈ, ਉਹੀ (ਪ੍ਰਭੂ) ਕਰਨੇਹਾਰ ਹੈ। ਮੈਂ ਉਸ ਦੇ (ਪ੍ਰਭੂ ਦੇ) ਹੱਥਾਂ ਵਿੱਚ ਕਠਪੁਤਲੀ ਹਾਂ।

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਣਹਾਰੋ ਜਾਨੈ॥ ਪੰਨਾ-206**

ਹਰ ਚੀਜ਼ ਸਬਕ ਰੱਖਦੀ ਹੈ, ਅਗਰ ਅਸੀਂ ਉਸ ਦੀ ਗਹਿਰਾਈ ਤੱਕ ਜਾਈਏ। ਉੱਪਰ-ਉੱਪਰ ਤੋਂ ਨਾ ਦੇਖੋ, ਤਹਿ ਵਿੱਚ ਜਾਉ। ਮੈਂ ਇਹ ਹੀ ਕਹਾਂਗਾ ਕਿ ਕੁਝ ਵੀ ਨਾ ਕਰੋ, ਸ਼ਾਂਤ-ਸਥਿੱਰ-ਮੋਨ ਹੋ ਜਾਉ। ਜਿੰਨੀ ਜ਼ਿਆਦਾ ਅਚੱਲ ਅਵੱਸਥਾ ਬਣੇਗੀ, ਉਨਾ ਜ਼ਿਆਦਾ ਪ੍ਰਮਾਰਥ ਦਾ ਆਧਾਰ ਬਣੇਗਾ। ਮੌਨ ਵਿੱਚ ਜੋਤੀ ਦਾ ਵਿਕਾਸ ਹੋਵੇਗਾ, ਸ਼ਬਦ-ਧੁਨ ਦੀ ਗੁੰਜ਼ਾਰ ਅੰਤਰ ਵਿੱਚ ਸੁਣਾਈ ਦੇਵੇਗੀ। ਬਾਹਰ ਦੀ ਚੁੱਪ ਨਾਲ ਇਹ ਅਵੱਸਥਾ ਪ੍ਰਾਪਤ ਨਹੀਂ ਹੋਵੇਗੀ, ਉਸ ਨਾਲ ਥੋੜ੍ਹੀ ਬਹੁਤ ਤਾਕਤ ਜ਼ਰੂਰ ਮਿਲੇਗੀ, ਜ਼ੁਬਾਨ ਉੱਤੇ ਵੀ ਥੋੜ੍ਹਾ ਕਾਬੂ ਤੁਸੀਂ ਰੱਖ ਸਕੋਗੇ ਪ੍ਰੰਤੂ ਅੰਤਰ ਦੇ ਮੋਨ ਦੀ ਤੁਲਨਾ ਇਹ ਸਭ ਕੁਝ ਵੀ ਨਹੀਂ। ਲਗਾਤਾਰ ਅਭਿਆਸ ਨਾਲ ਜਦੋਂ ਇਹ ਅਵੱਸਥਾ ਬਣ ਜਾਵੇ ਕਿ ਤੁਹਾਡੀ ਪੂਰੀ ਤਵੱਜੋ ਅੰਤਰ ਵਿੱਚ ਜੋਤੀ ਅਤੇ ਸੁਰਤੀ ਵਿੱਚ ਲੱਗੀ ਰਹੇ ਤਾਂ ਤੁਹਾਨੂੰ ਅਸੋਚ ਅਵੱਸਥਾ ਪ੍ਰਾਪਤ ਹੋਵੇਗੀ, ਮਨ ਵਿੱਚ ਕੋਈ ਵੀ ਵਿਚਾਰ ਨਹੀਂ ਉੱਠੇਗਾ।

ਉਪਨਿਸ਼ਦ ਕਹਿੰਦੇ ਹਨ,"ਉਹ ਕਿਹੜੀ ਚੀਜ਼ ਹੈ, ਜਿਸ ਨੂੰ ਜਾਨਣ ਨਾਲ ਸਭ ਕੁਝ ਜਾਣਿਆ ਹੋਇਆ ਲਗਣ ਲੱਗ ਜਾਂਦਾ ਹੈ। ਕੁਝ ਵੀ ਜਾਣਨ ਨੂੰ ਬਾਕੀ ਨਹੀਂ ਰਹਿੰਦਾ ?" ਕੋਈ ਵੀ ਜਦੋ-ਜਹਿਦ ਕਰਨ ਦੀ ਲੋੜ ਨਹੀਂ ਕਿ ਇਹ ਕਿਵੇਂ ਹੋਇਆ, ਕਿੱਥੋਂ ਆਇਆ, ਕਿਉਂ ਆਇਆ, ਕੁਝ ਵੀ ਸੋਚਣ ਦੀ ਲੋੜ ਨਹੀਂ ਕਿਉਂਕਿ ਪੂਰੀ ਤਵੱਜੋ ਉਸ ਮਹਾਨ ਸੁਰਤ ਵਿੱਚ, ਪਰਮ ਆਤਮਾ ਵਿੱਚ ਲੱਗੀ ਹੁੰਦੀ ਹੈ। ਕੋਈ ਜਕੜ੍ਹ ਨਹੀਂ, ਪਕੜ੍ਹ ਨਹੀਂ, ਪੁੱਛਣਾ ਨਹੀਂ, ਜਾਣਨਾ ਨਹੀਂ। ਦੁਨੀਆਂ ਦੇ ਸਾਰੇ ਕੰਮ ਕਰਦੇ ਹੋਏ ਵੀ ਤੁਸੀਂ ਉਸ ਮਹਾਨ ਸੁਰਤ ਪਰਮਾਤਮਾ ਨਾਲ ਜੁੜੇ ਰਹਿੰਦੇ ਹੋ।

ਲੇਕਿਨ ਇਹ ਗੱਲ ਨਿਰੰਤਰ ਅਭਿਆਸ ਨਾਲ ਹੀ ਪੈਦਾ ਹੋਵੇਗੀ ਅਤੇ ਅਭਿਆਸ ਵਿੱਚ ਸਮਾਂ ਲੱਗਦਾ ਹੈ। ਸਮਝਣ ਦੀ ਕੋਸ਼ਿਸ਼ ਕਰੋ, ਮੈਂ ਕੀ ਕਹਿ ਰਿਹਾ ਹਾਂ ? ਛੋਟੇ ਤੋਂ ਛੋਟੇ ਵਿਚਾਰ ਹੋਵੇ, ਛੋਟੇ ਤੋਂ ਛੋਟਾ ਕੰਮ ਹੋਵੇ, ਉਸ ਦੀ ਤਹਿ ਵਿੱਚ ਵੀ ਬਹੁਤ ਕੁਝ ਹੁੰਦਾ ਹੈ। ਜ਼ਰਾ ਜਹੀ ਗੱਲ ਹੋਵੇ, ਉਹਨਾਂ ਚੰਦ ਲਫ਼ਜ਼ਾਂ ਵਿੱਚ ਬਹੁਤ ਵੱਡਾ ਪ੍ਰਵਚਨ ਛੁੱਪਿਆ ਹੋਇਆ ਹੁੰਦਾ ਹੈ। ਸੰਤ ਸਹਿਜ ਸੁਭਾਅ ਗੱਲ ਕਹਿੰਦੇ ਹਨ। ਉਹਨਾਂ ਦੀ ਸਾਰੀ ਸਿਖਿਆ ਦਾ ਸਾਰ ਇਹ ਹੈ ਕਿ ਆਪਣਾ ਸਾਰਾ ਧਿਆਨ ਆਪਣੀ ਪੂਰੀ ਤਵੱਜੋ, ਆਪਣੀ ਅੰਦਰਲੀ ਅੱਖ ਨਾਲ ਉਸ ਪ੍ਰਭੂ ਦੀ ਜੋਤੀ ਨੂੰ ਦੇਖਣ ਵਿੱਚ ਅਤੇ ਆਪਣੇ ਅੰਦਰਲੇ ਕੰਨਾਂ ਨਾਲ ਉਸ ਦੀ ਧੁਨ ਨੂੰ ਸੁਣਨ ਵਿੱਚ ਲਗਾ ਦਿਉ। ਬਾਹਰ ਦੀਆਂ ਕਿਰਿਆਵਾਂ ਵੱਲੋਂ ਥੋੜ੍ਹੀ ਦੇਰ ਵਾਸਤੇ ਮਨ ਮੁੜੇਗਾ, ਮਗਰ ਫਿਰ ਭੱਜਣ ਲੱਗ ਜਾਵੇਗਾ।

ਮਨ ਨੂੰ ਸਿੱਧੇ ਰਸਤੇ ਉੱਤੇ ਲਾਈ ਰੱਖੋਗੇ ਤਾਂ ਲਗਾ ਰਹੇਗਾ, ਨਹੀਂ ਤਾਂ ਉਲੱਟੇ ਰਸਤੇ ਪੈ ਜਾਵੇਗਾ। ਜਦੋਂ ਤੁਸੀਂ

ਪਰਮਾਰਥ ਦੇ ਰਸਤੇ ਉੱਤੇ ਚੱਲਣਾ ਸ਼ੁਰੂ ਕਰਦੇ ਹੋ ਤਾਂ ਮਨ ਕਹਿੰਦਾ ਹੈ,"ਤੁਸੀਂ ਚੰਗੀ ਤਰੱਕੀ ਕਰ ਰਹੇ ਹੋ, ਤੁਹਾਡੀ ਮਿਹਨਤ ਦਾ ਫਲ਼ ਤੁਹਾਨੂੰ ਮਿਲਣ ਵਾਲਾ ਹੀ ਹੈ।" ਹੁਣ ਫਿਰ ਤੁਸੀਂ ਬੈਠ ਕੇ ਸੋਚਦੇ ਹੋ ਕਿ ਗੱਲ ਤਾਂ ਠੀਕ ਹੈ, ਹੌਲੀ-ਹੌਲੀ ਉਹ ਗੱਲ ਦਿਮਾਗ ਵਿੱਚ ਬੈਠ ਜਾਂਦੀ ਹੈ ਅਤੇ ਤੁਹਾਡਾ ਵਿਵਹਾਰ ਬਦਲਣਾ ਸ਼ੁਰੂ ਹੋ ਜਾਂਦਾ ਹੈ, ਉਸ ਵਿੱਚ ਬਨਾਵਟ ਦਾ ਅੰਸ਼, ਵਿਖਾਵੇ ਦਾ ਅੰਸ਼ ਪੈਦਾ ਹੋਣ ਲੱਗ ਜਾਂਦਾ ਹੈ। ਭਾਵੇਂ ਤੁਸੀਂ ਪ੍ਰਤੱਖ ਰੂਪ ਨਾਲ ਜਾਂ ਸਿੱਧੇ ਤੌਰ ਉੱਤੇ, ਇਹ ਗੱਲ ਨਹੀਂ ਕਹਿੰਦੇ (ਕਿ ਤੁਸੀਂ ਭਜਨ ਵਿੱਚ ਤਰੱਕੀ ਕਰ ਰਹੇ ਹੋ, ਤੁਹਾਨੂੰ ਅੰਦਰ ਵਿੱਚ ਕੁਝ ਪ੍ਰਾਪਤ ਹੋ ਰਿਹਾ ਹੈ) ਪਰ ਪਹੇਲੀਆਂ ਦੇ ਰੂਪ ਵਿੱਚ ਆਪਣੇ ਆਚਰਣ ਅਤੇ ਵਿਵਹਾਰ ਦੁਆਰਾ ਇਹ ਗੱਲ ਦੂਜਿਆਂ ਦੇ ਦਿਲ-ਦਿਮਾਗ ਵਿੱਚ ਬੈਠਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ "ਮੈਂ ਕੁਝ ਕਰ ਰਿਹਾ ਹਾਂ, ਮੈਂ ਕੁਝ ਬਣ ਗਿਆ ਹਾਂ।" ਇਸੇ ਤਰ੍ਹਾਂ ਉੱਥੇ ਇੱਕ ਅਭਿਆਸ ਦੀ ਗੱਲ ਬਣ ਜਾਂਦੀ ਹੈ।

ਸੱਚੀ ਨਿਮਰਤਾ ਤਦ ਹੀ ਆਉਂਦੀ ਹੈ, ਜਦੋਂ ਤੁਸੀਂ ਉਸ ਕਰਨ-ਕਾਰਣ ਪ੍ਰਭੂ ਸਤਾ ਵਿੱਚ ਅਭੇਦ ਹੋ ਜਾਂਦੇ ਹੋ, ਦੇਖਦੇ ਅਤੇ ਅਨੁਭਵ ਕਰਦੇ ਹੋ ਕਿ ਉਹ ਪ੍ਰਭੂ ਕਰਨੇਹਾਰ ਹੈ, ਮੈਂ ਕੁਝ ਨਹੀਂ ਕਰ ਰਿਹਾ।

**ਮੇਰਾ ਕੀਆ ਕਛੁ ਨਾ ਹੋਇ॥**
**ਕਰਿ ਹੈ ਰਾਮੁ ਹੋਇ ਹੈ ਸੋਇ ॥ ਪੰਨਾ-1165**

ਇਹ ਅਨੁਭਵ ਜਾਗ ਉੱਠਣ ਤੋਂ ਬਾਅਦ ਇੱਕ ਸੱਚੀ ਨਿਮਰਤਾ ਦਾ ਸੰਚਾਰ ਸਾਡੇ ਅੰਤਰ-ਕਰਣ ਵਿੱਚ ਹੋਣ ਲੱਗਦਾ ਹੈ। ਤੁਸੀਂ ਜਾਣਦੇ ਹੋ ਕਿ ਉਹ (ਪ੍ਰਭੂ) ਸਭ ਕੁਝ ਕਰ ਰਿਹਾ ਹੈ, ਫਿਰ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਮੈਂ ਕਰ ਰਿਹਾ ਹਾਂ ? ਤੁਹਾਡੀ ਬੋਲਚਾਲ ਵਿੱਚ ਤੁਹਾਡੇ ਵਿਵਹਾਰ ਵਿੱਚ, ਨਿਮਰਤਾ ਦੀ ਝਲਕ ਦਿਸਣ ਲੱਗ ਜਾਂਦੀ ਹੈ।

**ਸਵਾਲ :** ਮਹਾਰਾਜ ਜੀ ! ਇਹੀ ਗੱਲ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਪਰਮਾਤਮਾ ਹੀ ਸਭ ਕੁਝ ਕਰ ਰਿਹਾ ਹੈ, ਅਸੀਂ ਕੁਝ ਵੀ ਨਹੀਂ ਕਰ ਰਹੇ, ਤਾਂ ਫਿਰ ਅਸੀਂ ਉੱਲਟੇ ਸਿੱਧੇ ਕੰਮ ਕਿਉਂ ਕਰਦੇ ਰਹਿੰਦੇ ਹਾਂ ?

**ਮਹਾਰਾਜ ਜੀ :** ਜਦੋਂ ਤੁਸੀਂ ਕਿਸ਼ਤੀ ਵਿੱਚ ਪਾਣੀ ਦੇ ਵਹਾਉ ਵੱਲ ਹੀ ਜਾ ਰਹੇ ਹੁੰਦੇ ਹੋ ਤਾਂ ਤੁਹਾਨੂੰ ਚੱਪੂ ਚਲਾਉਣ ਦੀ ਜ਼ਰੂਰਤ ਨਹੀਂ ਹੁੰਦੀ, ਕਿਸ਼ਤੀ ਆਪਣੇ ਆਪ ਵਹੀ ਜਾਂਦੀ ਹੈ ਪ੍ਰੰਤੂ ਜਦੋਂ ਤੁਸੀਂ ਵਹਾਉ ਦੇ ਉੱਲਟ ਚੱਲਦੇ ਹੋ ਤਾਂ ਜ਼ੋਰ ਲਾਉਣਾ ਪੈਂਦਾ ਹੈ, ਕਦਮ-ਕਦਮ ਉੱਤੇ ਰੁਕਾਵਟਾਂ ਆਉਂਦੀਆਂ ਹਨ। ਤੁਹਾਨੂੰ ਸੰਘਰਸ਼ ਕਰਨਾ ਪੈਂਦਾ ਹੈ। ਕਾਲ ਸਤਾ ਕੀ ਹੈ ? ਉਹੀ ਪ੍ਰਭੂ ਸਤਾ, ਜਿਸ ਦਾ ਇਹ ਸਭ ਪਸਾਰਾ ਹੈ, ਜਿਸ ਦੇ ਕਾਰਨ ਇਹ ਸਾਰੀ ਸ੍ਰਿਸ਼ਟੀ ਨੂੰ ਚਲਾਉਣ ਦਾ ਨਿਯਮ ਅਤੇ ਵਿਧਾਨ ਬਣਿਆ। ਨਹੀਂ ਤਾਂ ਇਹ ਸਭ ਕੁਝ ਕਿਵੇਂ ਹੋ ਸਕਦਾ ਸੀ ਅਤੇ ਅਸੀਂ ਸਭ ਕਿਵੇਂ ਪੈਦਾ ਹੋ ਸਕਦੇ ਸੀ? ਇਸ ਤਰ੍ਹਾਂ ਕਾਲ ਸਤਾ ਫੈਲਾਉ ਵਿੱਚ ਲਿਜਾਂਦੀ ਹੈ ਪ੍ਰੰਤੂ ਉਹ ਹੈ ਕੀ ? ਉਸ ਦਾ ਕੰਮ ਕੀ ਹੈ ?

ਉਹ ਪ੍ਰਕ੍ਰਿਤੀ ਦੇ ਨਿਯਮ ਅਤੇ ਵਿਧਾਨ ਵਿੱਚ ਹੀ ਕੰਮ ਕਰਦੀ ਹੈ, ਨਹੀਂ ਤਾਂ ਸ੍ਰਿਸ਼ਟੀ ਕਿਵੇਂ ਰਚੀ ਜਾਂਦੀ ?

**ਕਾਲੁ ਅਕਾਲੁ ਖਸਮ ਕਾ ਕੀਨ੍ਾ ਇਹੁ ਪਰਪੰਚੁ ਬਧਾਵਨੁ॥ ਪੰਨਾ- 1104**

ਭਾਵ ਕਾਲ ਅਤੇ ਅਕਾਲ, ਦੋਨੋਂ ਤਾਕਤਾਂ ਪ੍ਰਭੂ ਨੇ ਬਣਾਈਆਂ ਹਨ ਕਿਉਂਕਿ ਉਸ ਨੇ ਸ੍ਰਿਸ਼ਟੀ ਨੂੰ ਚਲਾਉਣਾ ਸੀ। ਕੀ ਕੋਈ ਦੂਜਾ ਪਰਮਾਤਮਾ ਵੀ ਹੈ ? ਜੇ ਅਸੀਂ ਇਸ ਗੱਲ ਨੂੰ ਮੰਨੀਏ ਤਾਂ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਇੱਕ ਨਹੀਂ ਦੋ ਪਰਮਾਤਮਾ ਹਨ।

**ਸਵਾਲ :** ਤਦ ਹੀ ਤਾਂ ਸਾਨੂੰ ਆਪਣੀ ਪੂਰੀ ਤਵੱਜੋ ਹਰ ਪਾਸੇ ਤੋਂ ਹਟਾ ਕੇ ਪਰਮਾਤਮਾ ਵੱਲ ਲੱਗਾ ਦੇਣੀ ਚਾਹੀਦੀ ਹੈ।

**ਮਹਾਰਾਜ ਜੀ :** ਬਸ, ਇੰਨਾ ਹੀ ਕੰਮ ਤਾਂ ਕਰਨਾ ਹੈ। ਹਨੇਰੇ ਦਾ ਮਤਲਬ ਕੀ ਹੈ ?

**ਸਵਾਲੀ :** ਰੋਸ਼ਨੀ ਦਾ ਨਾ ਹੋਣਾ।

**ਮਹਾਰਾਜ ਜੀ :** ਬੁਰਾਈਆਂ ਕੀ ਹਨ ?

**ਸਵਾਲੀ :** ਅਛਾਈ ਜਾਂ ਨੇਕੀ ਦਾ ਨਾ ਹੋਣਾ।

**ਮਹਾਰਾਜ ਜੀ :** ਬਹੁਤ ਸਿੱਧੀ ਗੱਲ ਹੈ। ਇਹਨਾਂ ਚੀਜ਼ਾਂ ਨੂੰ ਸਮਝਣ ਨਾਲ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਪਰਮਾਤਮਾ ਨੇ ਇਹ ਸ੍ਰਿਸ਼ਟੀ ਕਿਉਂ ਬਣਾਈ ? ਕਾਲ-ਅਕਾਲ ਦਾ ਬਣਾਉਣ ਵਾਲਾ ਪਰਮਾਤਮਾ ਹੈ। ਪਹਿਲਾਂ ਉਹ ਇਕੱਲਾ ਹੀ ਸੀ, ਪੂਰਣ ਅਤੇ ਸਮਰੱਥ। ਉਸ ਦਾ ਕੋਈ ਸਾਥੀ ਨਹੀਂ ਸੀ। ਨਾ ਹੀ ਉੱਥੇ ਕੋਈ ਸ਼ਬਦ-ਧੁਨ ਸੀ। ਜਦੋਂ ਉਸ ਨੇ ਇਹ ਦੁਨੀਆਂ ਬਣਾਈ ਤਾਂ ਉਸ ਨੇ ਦੋ ਚੀਜ਼ਾਂ ਬਣਾਈਆਂ, ਜਿਹੜੀਆਂ ਇੱਕ ਦੂਜੇ ਤੋਂ ਉੱਲਟ ਸਨ। ਜੇਕਰ ਅਸੀਂ ਉਸ ਕਰਨ-ਕਾਰਣ ਪ੍ਰਭੂ ਸਤਾ ਵਿੱਚ, ਜੋ ਇਸ ਸ੍ਰਿਸ਼ਟੀ ਨੂੰ ਚਲਾ ਰਹੀ ਹੈ, ਅਭੇਦ ਹੋ ਜਾਈਏ, ਸਹਿਯੋਗੀ ਬਣ ਜਾਈਏ, ਤਾਂ ਸਾਡੇ ਵਾਸਤੇ ਕਾਲ ਦੀ ਕੋਈ ਹੋਂਦ ਹੀ ਨਹੀਂ ਰਹੇਗੀ। ਜਦੋਂ ਤੁਸੀਂ ਉਸ ਕਰਨ-ਕਾਰਣ ਪ੍ਰਭੂ ਸਤਾ ਤੋਂ ਦੂਰ ਹੋ ਜਾਂਦੇ ਹੋ ਤਾਂ ਤੁਸੀਂ ਕਾਲ ਦੇ ਘੇਰੇ ਵਿੱਚ ਆ ਜਾਂਦੇ ਹੋ।

ਜਦੋਂ ਤੱਕ ਤੁਹਾਨੂੰ ਉਸ ਕਰਨ-ਕਾਰਣ ਪ੍ਰਭੂ ਸਤਾ ਦਾ ਅਹਿਸਾਸ ਰਹਿੰਦਾ ਹੈ, ਤਾਂ ਉਸ ਦੀ ਕੋਈ ਹੋਂਦ ਨਹੀਂ ਹੁੰਦੀ। ਜੇਕਰ ਤੁਸੀਂ ਉਸ ਕਰਨ-ਕਾਰਣ ਪ੍ਰਭੂ ਸਤਾ ਦੇ ਹਵਾਲੇ ਹੋ ਜਾਉਗੇ, ਉਸ ਦੇ ਸਹਿਯੋਗੀ ਹੋ ਜਾਉਗੇ, ਤਾਂ ਤੁਹਾਡੇ ਵਾਸਤੇ ਮੌਤ ਦਾ ਵੀ ਕੋਈ ਮਹੱਤਵ ਨਹੀਂ ਰਹਿੰਦਾ। ਇਹ ਥੋੜ੍ਹੀ ਜਹੀ ਡੂੰਘੀ ਗੱਲ ਹੈ ਪ੍ਰੰਤੂ ਸਾਨੂੰ ਇਸ ਉੱਤੇ ਕਦੇ ਨਾ ਕਦੇ ਵਿਚਾਰ ਕਰਨਾ ਹੀ ਹੋਵੇਗਾ। ਇਹ ਗੱਲਾਂ ਤੁਹਾਨੂੰ ਕਿਤਾਬਾਂ ਵਿੱਚ ਨਹੀਂ ਮਿਲਣਗੀਆਂ, ਕਿਤਾਬਾਂ ਵਿੱਚ ਇਹ ਗੱਲਾਂ ਕਿਵੇਂ ਦਿੱਤੀਆਂ ਜਾ ਸਕਦੀਆਂ ਹਨ ? ਇਸ ਲਈ ਮੈਂ ਤੁਹਾਨੂੰ ਅਤੇ ਦੂਸਰੇ ਲੋਕਾਂ ਨੂੰ ਕਹਾਂਗਾ ਕਿ ਤੁਸੀਂ ਕੁਝ ਵੀ ਨਾ ਕਰੋ।

ਕੋਈ ਆਦਮੀ ਸੱਚਾ ਭਗਤ ਜਾਂ ਚੇਲਾ ਤਦ ਹੀ ਬਣਦਾ ਹੈ ਜੇਕਰ ਉਹ ਆਪਣੇ ਅੰਦਰ ਗੁਰੂ ਦੇ ਨੂਰੀ ਸਰੂਪ ਦੇ ਦਰਸ਼ਨ ਕਰੇ, ਉਸ ਨਾਲ ਗੱਲਾਂ ਕਰੇ। ਤੁਸੀਂ ਅਜੇ ਚੇਲੇ ਨਹੀਂ ਬਣੇ, ਚੇਲਾ ਬਣਨ ਦੀ ਤਿਆਰੀ ਕਰ ਰਹੇ ਹੋ, ਤੁਸੀਂ ਸਾਰੇ ਉਮੀਦਵਾਰਾਂ ਦੀ ਕਤਾਰ ਵਿੱਚ ਹੋ। ਬਾਹਰੀ ਵਿਖਾਵਾ ਨਾ ਕਰੋ, ਜੰਗਲੀ ਫੁੱਲਾਂ ਨੂੰ ਹਨੇਰੇ ਵਿੱਚ ਵੱਧਣ-ਫੁੱਲਣ ਦਿਉ, ਜਦੋਂ ਫੁੱਲ ਖਿੜ ਜਾਣਗੇ ਤਾਂ ਦੁਨੀਆਂ ਆਪੇ ਦੇਖ ਲਵੇਗੀ। ਇਸੇ ਤਰ੍ਹਾਂ ਜਦੋਂ ਕਿਸੇ ਦਰੱਖ਼ਤ ਉੱਤੇ ਫਲ਼ ਲੱਗ ਜਾਂਦੇ ਹਨ ਤਾਂ ਲੋਕ ਉਹਨਾਂ ਨੂੰ ਤੋੜਨ ਲਈ ਆਪੇ ਹੀ ਆ ਜਾਂਦੇ ਹਨ। ਉਸ ਦਰੱਖ਼ਤ ਉੱਤੋਂ ਕੋਈ ਵੀ ਫਲ਼ ਖਾ ਸਕਦਾ ਹੈ। ਪੱਥਰ ਮਾਰੋ, ਤਾਂ ਵੀ ਦਰੱਖ਼ਤ ਬਦਲੇ ਵਿੱਚ ਫਲ਼ ਦਿੰਦਾ ਹੈ। ਅਸੀਂ ਤਾਂ ਅਜੇ ਸਾਰੇ ਤਿਆਰੀ ਹੀ ਕਰ ਰਹੇ ਹਾਂ। ਜਦੋਂ ਬਣ ਜਾਵਾਂਗੇ ਤਾਂ ਸਾਡੀ ਵੀ ਇਹੀ ਅਵੱਸਥਾ ਹੋਵੇਗੀ।

**ਸਵਾਲ :** ਸਤਿਗੁਰੂ ਦੀ ਸ਼ਕਤੀ ਬੜੀ ਵਿਆਪਕ ਅਤੇ ਆਪਾਰ ਹੈ। ਇਸ ਨੂੰ ਇੱਕ ਚਮਤਕਾਰ ਹੀ ਕਿਹਾ ਜਾ ਸਕਦਾ ਹੈ। ਅਸੀਂ ਸਤਿਗੁਰੂ ਦੀ ਅਪਾਰ ਦਇਆ-ਮਿਹਰ ਦੇ ਦਾਇਰੇ ਵਿੱਚ ਹਾਂ ਪਰ ਫਿਰ ਵੀ ਸਾਨੂੰ ਇਹ ਵਿਸ਼ਵਾਸ ਨਹੀਂ

ਹੁੰਦਾ ਕਿ ਅਸੀਂ ਉਸ ਦੀ ਦਇਆ-ਮਿਹਰ ਦੇ ਪਾਤਰ ਹਾਂ। ਅਸੀਂ ਗੱਡੀ ਵਿੱਚ ਸਵਾਰ ਹਾਂ ਅਤੇ ਉਸ ਵਿੱਚੋਂ ਉੱਤਰ ਵੀ ਨਹੀਂ ਸਕਦੇ ਪ੍ਰੰਤੂ ਫਿਰ ਵੀ ਸਾਨੂੰ ਇਹ ਵਿਸ਼ਵਾਸ ਨਹੀਂ ਕਿ ਅਸੀਂ ਸੱਚ-ਮੁੱਚ ਹੀ ਉਸ ਗੱਡੀ ਵਿੱਚ ਸਵਾਰ ਹਾਂ ? ਉਹ ਦਿਆਲ ਸਤਾਹ ਮਹਾਨ ਹੈ, ਇੰਨੀ ਮਹਾਨ ਹੈ ਕਿ ਅਸੀਂ ਮੰਨੀਏ ਜਾਂ ਨਾ ਮੰਨੀਏ, ਵਿਸ਼ਵਾਸ ਕਰੀਏ ਜਾਂ ਨਾ ਕਰੀਏ, ਉਸ ਦੀ ਦਇਆ-ਮਿਹਰ ਸਾਡੇ ਉੱਤੇ ਬਣੀ ਹੀ ਰਹਿੰਦੀ ਹੈ।

**ਮਹਾਰਾਜ ਜੀ :** ਅਰੇ ਬਈ, ਦੇਖਣ ਬਾਅਦ ਹੀ ਵਿਸ਼ਵਾਸ ਹੁੰਦਾ ਹੈ। ਅੰਧ ਵਿਸ਼ਵਾਸ ਦਾ ਕੋਈ ਆਧਾਰ ਨਹੀਂ ਹੁੰਦਾ। ਦੇਖ ਕੇ ਹੀ ਵਿਸ਼ਵਾਸ ਹੁੰਦਾ ਹੈ। ਜਦੋਂ ਤੱਕ ਅਸੀਂ ਕਿਸੇ ਚੀਜ਼ ਨੂੰ ਨਾ ਦੇਖ ਲਈਏ, ਉਸ ਬਾਰੇ ਸਾਡਾ ਵਿਸ਼ਵਾਸ ਨਹੀਂ ਬਣਦਾ। ਬਿਨਾਂ ਦੇਖੇ ਤੋਂ ਕਦੇ ਵੀ ਵਿਸ਼ਵਾਸ ਸਥਿੱਰ ਨਹੀਂ ਰਹਿੰਦਾ, ਉਹ ਟੁੱਟ ਜਾਂਦਾ ਹੈ। ਮੈਨੂੰ ਯਾਦ ਹੈ, ਜਦੋਂ ਪਾਕਿਸਤਾਨ ਬਣਿਆ ਅਤੇ ਹਰ ਜਗ੍ਹਾਂ ਝਗੜੇ-ਫਸਾਦ ਹੋਏ, ਉਸ ਸਮੇਂ ਧਰਮ-ਕਰਮ ਨੂੰ ਮੰਨਣ ਵਾਲੇ ਵੀ ਕਹਿੰਦੇ ਫਿਰਦੇ ਸਨ, "ਪਰਮਾਤਮਾ ਤੂੰ ਕਿੱਥੇ ਹੈ ? ਕੌਣ ਕਹਿੰਦਾ ਹੈ, ਤੂੰ ਹੈ ? ਅਜਿਹਾ ਕਿਵੇਂ ਹੋਇਆ ?" ਕਿਉਂਕਿ ਉਹਨਾਂ ਨੇ ਪ੍ਰਭੂ ਨੂੰ ਦੇਖਿਆ ਨਹੀਂ ਸੀ। ਜਦੋਂ ਤੁਸੀਂ ਵੀ ਦੇਖਣ ਵਾਲੇ ਬਣ ਜਾਉਗੇ ਤਾਂ ਤੁਹਾਡਾ ਸਾਰਾ ਦ੍ਰਿਸ਼ਟੀ ਕੋਣ ਹੀ ਬਦਲ ਜਾਵੇਗਾ। ਦੁਨੀਆਂ ਨੂੰ ਦੇਖਣ ਵਾਲੀ ਨਜ਼ਰ ਬਦਲ ਜਾਵੇਗੀ। ਭਾਵੇਂ ਤੁਹਾਨੂੰ ਕੋਈ ਜਾਨ ਤੋਂ ਵੀ ਮਾਰ ਦੇਵੇ ਤਾਂ ਵੀ ਤੁਸੀਂ ਇਹ ਹੀ ਸਮਝੋਗੇ ਕਿ ਇਹ ਉਸ ਪ੍ਰਭੂ ਦੀ ਇੱਛਾ ਅਨੁਸਾਰ ਹੀ ਹੋ ਰਿਹਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਦੇਖਣਾ ਹੀ, ਮੰਨਣਾ ਜਾਂ ਵਿਸ਼ਵਾਸ ਕਰਨਾ ਹੈ।

**ਸਵਾਲ :** ਸਾਡੇ ਉੱਤੇ ਜੋ ਤੁਸੀਂ ਅਪਾਰ ਦਇਆ ਕੀਤੀ ਹੈ, ਉਸ ਦਾ ਸ਼ੁਕਰਾਨਾ ਅਸੀਂ ਕਿਵੇਂ ਕਰੀਏ ?

**ਮਹਾਰਾਜ ਜੀ :** ਉਹ ਕੋਈ ਇੱਕ ਦਿਨ ਦਾ ਕੰਮ ਨਹੀਂ। ਉਸ ਦੇ ਵਾਸਤੇ ਸਮਾਂ ਚਾਹੀਦਾ ਹੈ। ਕੋਈ ਵੀ ਦਰਖ਼ਤ ਇੱਕ ਦਿਨ ਵਿੱਚ ਵੱਡਾ ਨਹੀਂ ਹੋ ਜਾਂਦਾ। ਪਹਿਲਾਂ ਬੀਜ਼ ਬੀਜੋ, ਫਿਰ ਪਾਣੀ ਦਿਉ। ਹਵਾ, ਪਾਣੀ, ਮਿੱਟੀ ਧੁੱਪ ਵਰਗੀਆਂ ਕੁਦਰਤੀ ਖ਼ੁਰਾਕਾਂ ਪਾ ਕੇ ਹੀ ਬੀਜ਼, ਪੌਦਾ ਅਤੇ ਪੌਦਾ ਫਿਰ ਦਰਖ਼ਤ ਬਣ ਜਾਂਦਾ ਹੈ। ਇਸ ਤਰ੍ਹਾਂ ਕੁਝ ਬੀਜ਼ ਬਿਖੇਰਨ ਨਾਲ ਸੈਂਕੜੇ ਬੂਟੇ ਪੈਦਾ ਹੋ ਜਾਣਗੇ।

**ਸਵਾਲ :** ਮੇਰੀ ਸ਼ੁਰੂ ਤੋਂ ਇਹ ਹੀ ਧਾਰਣਾ ਰਹੀ ਹੈ ਕਿ ਪਰਮਾਤਮਾ ਨੇ ਸਾਨੂੰ ਫ਼ੈਸਲਾ ਕਰਨ ਦਾ, ਨਿਰਣਾ ਕਰਨ ਦਾ ਅਧਿਕਾਰ ਦਿੱਤਾ ਹੈ। ਸਹੀ ਨਿਰਨਾ ਹੋਵੇਗਾ ਤਾਂ ਨਤੀਜਾ ਵੀ ਸਹੀ ਹੀ ਹੋਵੇਗਾ।

**ਮਹਾਰਾਜ ਜੀ :**ਇਸ ਵਿੱਚ ਕੋਈ ਸ਼ੱਕ ਨਹੀਂ। ਪ੍ਰੰਤੂ ਉਸ ਵਾਸਤੇ ਪੂਰੀ ਲਗਨ ਅਤੇ ਸਹੀ ਨਜ਼ਰ ਚਾਹੀਦੀ ਹੈ। ਸਹੀ ਨਜ਼ਰ ਕੀ ਹੈ ?

**ਸਵਾਲੀ :**ਮੈਂ ਪਹਿਲਾਂ ਜੋ ਕਿਹਾ ਹੈ, ਪਹਿਲਾਂ ਮੇਰੀ ਧਾਰਣਾ ਇਹੀ ਸੀ। ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਸਾਡੀ ਮਰਜ਼ੀ ਨਹੀਂ ਚੱਲਦੀ, ਪ੍ਰਭੂ ਦੀ ਹੀ ਮਰਜ਼ੀ ਚੱਲਦੀ ਹੈ। ਉਹ ਹੀ ਸਾਨੂੰ ਇੱਧਰ-ਉੱਧਰ ਭੇਜਦਾ ਹੈ। ਮੈਂ ਇੱਥੇ ਕਿਉਂ ਆਇਆ ? ਮੈਂ ਕਦੇ ਸੋਚਿਆ ਵੀ ਨਹੀਂ ਸੀ। ਇਹ ਪ੍ਰਭੂ ਦਾ ਨਿਰਣਾ ਹੈ। ਮੇਰੀ ਨਜ਼ਰ ਉਨੀ ਦੂਰ ਨਹੀਂ ਜਾ ਸਕਦੀ, ਜਿੰਨੀ ਪ੍ਰਭੂ ਦੀ। ਤਾਂ ਕੀ ਫ਼ਰਕ ਪੈਂਦਾ ਹੈ ਕਿ ਮੈਂ ਆਪਣੀ ਮਰਜ਼ੀ ਕਰਾਂ ਜਾਂ ਪ੍ਰਭੂ ਦੀ ਮਰਜ਼ੀ ਅੱਗੇ ਸਿਰ ਝੁਕਾ ਦੇਵਾਂ ?

**ਮਹਾਰਾਜ ਜੀ :**ਪ੍ਰਭੂ ਇੱਛਾ ਕੀ ਹੈ ? ਇਹ ਤੁਸੀਂ ਕਾਰਣ-ਮੰਡਲ ਤੱਕ ਪਹੁੰਚ ਕੇ ਹੀ ਜਾਣ ਸਕਦੇ ਹੋ, ਪਹਿਲਾਂ ਨਹੀਂ। ਜਦੋਂ ਤੱਕ ਉਹ ਅਵੱਸਥਾ ਨਹੀਂ ਬਣਦੀ, ਗੁਰੂ ਬਚਨ ਹੀ ਤੁਹਾਡੇ ਵਾਸਤੇ ਪ੍ਰਭੂ ਦਾ ਵਾਕ ਹੈ ਅਤੇ ਉਹ ਦੇਖ, ਪਰਖ ਕੇ

ਹੀ ਕੁਝ ਕਹਿੰਦਾ ਹੈ। ਉਸ ਦਾ ਬਿਆਨ, ਉਸ ਵੱਲੋਂ ਪਰਖਿਆ ਹੋਇਆ ਹੁੰਦਾ ਹੈ। ਜੇਕਰ ਤੁਸੀਂ ਆਪ ਖੁਦ ਦੇਖਣਾ ਅਤੇ ਜਾਨਣਾ ਚਾਹੁੰਦੇ ਹੋ ਕਿ ਕਰਮਾਂ ਦੀ ਕਿਰਿਆ ਅਤੇ ਪ੍ਰਤੀ ਕਿਰਿਆ ਕੀ ਹੈ, ਕਿਉਂ ਹੈ ? ਉਸ ਦੇ ਲਈ ਤੁਹਾਨੂੰ ਸੂਖਮ ਮੰਡਲ ਤੋਂ ਉੱਪਰ, ਕਾਰਣ ਮੰਡਲ ਵਿੱਚ ਜਾਣਾ ਹੋਵੇਗਾ, ਫਿਰ ਹੀ ਤੁਸੀਂ ਇਹ ਸਭ ਜਾਣ ਸਕੋਗੇ, ਪਹਿਲਾਂ ਨਹੀਂ। ਇਸੇ ਲਈ ਹੀ ਮਹਾਂਪੁਰਸ਼ਾਂ ਨੇ ਪ੍ਰਾਰਥਨਾ ਕੀਤੀ ਹੈ,"ਹੇ ਪ੍ਰਭੂ ਸਾਨੂੰ ਕਿਸੇ ਅਜਿਹੇ ਸਮਰੱਥ ਪੁਰਸ਼ ਨਾਲ ਮਿਲਾਉ, ਜੋ ਸਾਨੂੰ ਸੁਮੱਤ ਦੇਵੇ, ਸਾਡੇ ਸਾਰੇ ਭਰਮ ਦੂਰ ਕਰ ਦੇਵੇ। ਸਾਡੇ ਵਿਚਾਰ ਸ਼ੁੱਧ ਕਰ ਦੇਵੇ।"

ਸ਼ੁੱਧ ਵਿਚਾਰ ਜਾਂ ਸਹੀ-ਨਜ਼ਰੀ ਸ਼ੁੱਧ ਵਿਚਾਰ ਉਸ ਕਰਨ-ਕਾਰਣ ਪ੍ਰਭੂ ਸਤਾ ਦਾ ਨਾਮ ਹੈ, ਜਿਸ ਨੇ ਇਹ ਸਾਰੀ ਦੁਨੀਆਂ ਸਾਜੀ ਹੈ। ਉਸ ਪ੍ਰਭੂ ਨੇ ਅਨੇਕ ਪ੍ਰਕਾਰ ਦੀਆਂ ਜੂਨਾਂ ਦੀ ਰਚਨਾ ਕੀਤੀ ਅਤੇ ਮਾਨਵ ਜੂਨੀ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਹੈ। ਇਸੇ ਤਰ੍ਹਾਂ ਪਰਮਾਤਮਾ ਨੇ ਕਿਸੇ ਵੀ ਇਨਸਾਨ ਵਿੱਚ ਕੋਈ ਭੇਦ-ਭਾਵ ਨਹੀਂ ਰੱਖਿਆ, ਸਾਰਿਆਂ ਨੂੰ ਬਰਾਬਰ ਸੁਵਿਧਾਵਾਂ ਅਤੇ ਅਧਿਕਾਰ ਦਿੱਤੇ ਹਨ। ਹਰ ਇਨਸਾਨ ਨੌਂ ਮਹੀਨੇ ਮਾਤਾ ਦੇ ਪੇਟ ਵਿੱਚ ਰਹਿ ਕੇ ਪੈਦਾ ਹੁੰਦਾ ਹੈ। ਸੰਤ ਵੀ ਉਸੇ ਤਰ੍ਹਾਂ ਹੀ ਪੈਦਾ ਹੁੰਦੇ ਹਨ, ਜਿਵੇਂ ਦੂਸਰੇ, ਇਨਸਾਨ। ਸਾਰਿਆਂ ਦੀ ਬਾਹਰੋਂ-ਅੰਦਰੋਂ ਬਨਾਵਟ ਵੀ ਇੱਕ ਹੀ ਹੈ। ਇੱਕੋ ਜਿਹਾ ਹੀ ਸਰੀਰ ਸਾਰਿਆਂ ਨੂੰ ਮਿਲਿਆ ਹੈ। ਉਹ ਕਿਹੜਾ ਕਾਰੀਗਰ ਸੀ, ਜਿਸ ਨੇ ਮਾਤਾ ਦੇ ਗਰਭ ਵਿੱਚ ਬੈਠ ਕੇ ਇਸ ਮਾਨਵ ਤਨ ਦੀ ਰਚਨਾ ਕੀਤੀ ? ਕੀ ਉੱਥੇ ਕੋਈ ਮਸ਼ੀਨ ਲੱਗੀ ਹੋਈ ਸੀ ?

ਇਹ (ਮਾਨਵ ਤਨ) ਪ੍ਰਭੂ ਨੇ ਬਣਾਇਆ ਹੈ, ਜਿਸ ਵਿੱਚ ਉਹ ਆਪ ਖੁਦ ਰਹਿੰਦਾ ਹੈ। ਉਹ ਪਰਮਾਤਮਾ, ਇਨਸਾਨੀ ਹੱਥਾਂ ਨਾਲ ਬਣੇ ਹੋਏ ਇੱਕ-ਦੂਜੇ ਦੇ ਬਣੇ ਧਰਮ ਸਥਾਨਾਂ ਵਿੱਚ ਨਹੀਂ ਰਹਿੰਦਾ। ਅਸਲ ਵਿੱਚ ਤੁਹਾਡਾ ਇਹ ਸਰੀਰ ਹੀ ਸੱਚਾ ਹਰਿ ਮੰਦਰ ਹੈ। ਪੂਰਬਲੇ ਕਰਮਾਂ ਕਾਰਨ ਹੀ ਤੁਹਾਨੂੰ ਇਹ ਸਰੀਰ ਮਿਲਿਆ ਹੈ। ਅਮੀਰੀ-ਗਰੀਬੀ, ਦੁੱਖ-ਸੁੱਖ, ਬਿਮਾਰੀ ਆਦਿ ਜ਼ਿੰਦਗੀ ਵਿੱਚ ਉਤਰਾ-ਚੜ੍ਹਾ ਜੋ ਆਉਂਦੇ ਹਨ, ਉਹ ਪਿੱਛਲੇ ਕਰਮਾਂ ਦਾ ਹੀ ਫਲ਼ ਹੈ। ਜਿਸ ਤਰ੍ਹਾਂ ਦਾ ਬੀਜ਼ ਬੀਜਿਆ ਹੈ, ਉਸੇ ਦਾ ਫਲ਼ ਤੁਸੀਂ ਕੱਟਣਾ ਹੈ।

ਮਾਨਵ ਸਰੀਰ ਵਿੱਚ ਤੁਹਾਨੂੰ ਥੋੜ੍ਹੀ ਜਹੀ ਅਜ਼ਾਦੀ ਹੈ, ਜੋ ਨੀਵੀਆਂ ਜੂਨੀਆਂ ਵਿੱਚ ਉਪਲੱਬਧ ਨਹੀਂ ਹੈ। ਮਾਨਵ ਤੋਂ ਇਲਾਵਾ ਸਭ ਭੋਗ ਜੂਨੀਆਂ ਹਨ। ਰੇਲ ਦੀ ਪਟੜੀ, ਜੋ ਇੱਕ ਵਾਰ ਵਿੱਛਾ ਦਿੱਤੀ ਜਾਂਦੀ ਹੈ ਤਾਂ ਗੱਡੀ ਉਸੇ ਉੱਤੇ ਹੀ ੱਲਦੀ ਹੈ। ਤੁਹਾਨੂੰ ਇੰਨੀ ਅਜ਼ਾਦੀ ਜ਼ਰੂਰ ਹੈ ਕਿ ਅੱਗੇ ਲਈ ਤੁਸੀਂ ਜਿੱਥੇ ਗੱਡੀ ਚਲਾਉਣਾ ਚਾਹੁੰਦੇ ਹੋ, ਪੱਟੜੀ ਵਿਛਾ ਸਕਦੇ ਹੋ, ਕੋਈ ਨਵਾਂ ਰਸਤਾ ਬਣਾ ਸਕਦੇ ਹੋ। ਜੇਕਰ ਤੁਹਾਡੇ ਵਿੱਚ ਸਹੀ-ਨਜ਼ਰੀ ਹੈ, ਗਿਆਨ ਹੈ ਤਾਂ ਤੁਸੀਂ ਪੱਟੜੀ ਉੱਥੇ ਹੀ ਵਿਛਾਉਗੇ ਜੋ ਰਸਤਾ ਸਿੱਧਾ ਨਿਜ-ਘਰ ਨੂੰ, ਪ੍ਰਭੂ ਦੇ ਘਰ ਨੂੰ ਜਾਂਦਾ ਹੈ, ਨਹੀਂ ਤਾਂ ਵਾਪਸ ਇਸੇ ਦੁਨੀਆਂ ਵਿੱਚ ਆਉਣਾ ਪਵੇਗਾ।

ਥੋੜ੍ਹਾ ਬਹੁਤ ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਜੋ ਕੁਝ ਵੀ ਹੋ ਰਿਹਾ ਹੈ, ਉਸ ਦੇ ਪਿੱਛੇ ਕੋਈ ਅਸੂਲ, ਕੋਈ ਸਿਧਾਂਤ ਕੰਮ ਕਰ ਰਿਹਾ ਹੈ। ਕੁਦਰਤ ਵਿੱਚ ਹਰ ਚੀਜ਼ ਵਧਦੀ-ਫੁੱਲਦੀ ਹੈ। ਜੇਕਰ ਤੁਸੀਂ ਮਿਰਚ ਦੇ ਕੁਝ ਬੀਜ਼ ਬੀਜ ਦੇਵੋ ਤਾਂ ਹਜ਼ਾਰਾਂ ਮਿਰਚਾਂ ਪੈਂਦਾ ਹੋ ਜਾਣਗੀਆਂ। ਅੰਬ ਦੀ ਇੱਕ ਗੁਠਲੀ ਜ਼ਮੀਨ ਵਿੱਚ ਦਬਾਉਣ ਨਾਲ ਪੇੜ ਉੱਤੇ ਹਜ਼ਾਰਾਂ ਅੰਬ ਤੁਹਾਨੂੰ ਉਪਲੱਬਧ ਹੋ ਜਾਣਗੇ। ਇੱਕ ਚੰਗਾ ਵਿਚਾਰ ਮਨ ਵਿੱਚ ਲਿਆਉਣ ਨਾਲ ਸੈਂਕੜੇ ਚੰਗੇ ਵਿਚਾਰ ਮਨ ਵਿੱਚ ਪੈਦਾ ਹੋ ਜਾਣਗੇ। ਇੱਕ ਬੁਰਾ ਖ਼ਿਆਲ ਤੁਹਾਡੇ ਮਨ ਵਿੱਚ ਪੈਦਾ ਹੋਣ ਨਾਲ, ਹਜ਼ਾਰਾਂ ਬੁਰੇ ਖਿਆਲ ਹੋਰ ਪੈਦਾ ਹੋ ਜਾਣਗੇ। ਇਸ ਗੱਲ ਉੱਪਰ ਵਿਸ਼ੇਸ਼ ਰੂਪ ਨਾਲ ਧਿਆਨ ਦੇਣ ਦੀ ਜ਼ਰੂਰਤ ਹੈ। ਉਸੇ ਤਰ੍ਹਾਂ ਦਾ ਹੀ ਬੀਜ਼ ਬੀਜੋ, ਜਿਸ ਤਰ੍ਹਾਂ ਦਾ ਤੁਸੀਂ ਫਲ਼ ਚਾਹੁੰਦੇ ਹੋ। ਗੱਲ ਜ਼ਬਾਨ ਉੱਤੇ ਲਿਆਉਣ ਤੋਂ ਪਹਿਲਾਂ ਵਿਚਾਰ ਕਰੋ।

ਪਹਿਲਾਂ ਤੋਲੋ ਫਿਰ ਬੋਲੋ। ਸੁਭ ਵਿਚਾਰ ਹੋਣਗੇ ਤਾਂ ਸ਼ੁੱਭ ਬਚਨ ਹੀ ਜ਼ਬਾਨ ਵਿੱਚੋਂ ਨਿਕਲਣਗੇ। ਸ਼ੁੱਭ ਵਿਚਾਰ

ਸਹੀ-ਨਜ਼ਰੀ ਨਾਲ ਪੈਦਾ ਹੁੰਦੇ ਹਨ। ਸਹੀ ਨਜ਼ਰੀ ਜਾਂ ਵਿਵੇਕ-ਦ੍ਰਿਸ਼ਟੀ ਕਿੱਥੋਂ ਮਿਲੇ ? ਜੋ ਸਹੀ-ਨਜ਼ਰੀ ਪਾ ਚੁੱਕਾ ਹੈ, ਉਹ ਹੀ ਸਹੀ-ਨਜ਼ਰੀ ਤੁਹਾਨੂੰ ਦੇਵੇਗਾ। ਅਜਿਹੇ ਇਨਸਾਨ ਸੰਸਾਰ ਵਿੱਚ ਬਹੁਤ ਘੱਟ ਮਿਲਦੇ ਹਨ, ਪਹਿਲਾਂ ਵੀ ਘਟ ਸਨ, ਅੱਜ ਵੀ। ਮਗਰ ਦੁਨੀਆਂ ਅਜਿਹੇ ਮਹਾਂਪੁਰਸ਼ਾਂ ਤੋਂ ਕਦੇ ਵੀ ਖ਼ਾਲੀ ਨਹੀਂ ਰਹੀ। ਇਹ ਸਾਰੇ ਧਰਮ-ਗ੍ਰੰਥ ਅਜਿਹੇ ਮਹਾਂਪੁਰਸ਼ਾਂ ਦੀ ਹੀ ਦੇਣ ਹਨ।

ਇਹ ਜੋ ਗੱਲਾਂ ਮੈਂ ਤੁਹਾਨੂੰ ਦੱਸ ਰਿਹਾ ਹਾਂ, ਇਹਨਾਂ ਨੂੰ ਜੇਕਰ ਤੁਸੀਂ ਨੋਟ ਕਰ ਲਵੋ ਤਾਂ ਇੱਕ ਵੱਡੀ ਕਿਤਾਬ ਬਣ ਜਾਵੇਗੀ। ਜਿੰਨੀਆਂ ਮਰਜੀ ਕਿਤਾਬਾਂ ਪੜ੍ਹ ਲਵੋ, ਉਹਨਾਂ ਦਾ ਓਨਾ ਪ੍ਰਭਾਵ ਨਹੀਂ ਹੋਵੇਗਾ, ਜਿਨ੍ਹਾਂ ਦਿਲ ਨਾਲ ਦਿਲ ਦੀ ਇਸ ਗਲ-ਬਾਤ ਦਾ ਅਸਰ ਪੈਂਦਾ ਹੈ। ਸੰਤਾਂ ਦੀ ਸੰਗਤ ਦੀ ਮਹਿਮਾ ਆਪਾਰ ਹੈ। ਮੌਲਾਨਾ ਰੂਮ ਕਹਿੰਦੇ ਹਨ-

**ਸੁਹਬਤੇ ਯਕ ਸਾਅਤੇ ਬਾ ਔਲੀਆ ॥**
**ਬੇਹਤਰ ਅਜ ਸਦ ਸਾਲਾ ਤਾਅਤ ਬੇਰਿਆ ॥**

ਭਾਵ ਕਿਸੇ ਸਤਿ-ਸਰੂਪ ਹਸਤੀ ਦੀ ਹਜ਼ੂਰੀ ਵਿੱਚ, ਇੱਕ ਪਲ ਭਰ ਵੀ ਤੁਹਾਨੂੰ ਇਕਾਗਰਚਿੱਤ, ਇੱਕ ਮਨ ਹੋ ਕੇ ਬੈਠਣਾ ਨਸੀਬ ਹੋ ਜਾਵੇ, ਤਾਂ ਉਸ ਦਾ ਫਲ ਸੌ ਸਾਲਾਂ ਦੀ ਨਿਸ਼ਕਪਟ ਭਗਤੀ ਅਤੇ ਤਪੱਸਿਆ ਤੋਂ ਜ਼ਿਆਦਾ ਕੀਮਤੀ ਹੋਵੇਗਾ। ਇਹ ਤਾਂ ਉਹ ਹੀ ਗੱਲ ਹੈ ਕਿ ਇੱਕ ਪਾਸੇ ਤਾਂ ਤੁਸੀਂ ਅੱਗ ਬਾਰੇ ਸੋਚਦੇ ਹੋ, ਦੂਜੇ ਪਾਸੇ ਜਿੱਥੇ ਅੱਗ ਜਲ ਰਹੀ ਹੈ ਉੱਥੇ ਜਾ ਕੇ ਬੈਠ ਜਾਉ ਅਤੇ ਅੱਗ ਸੇਕਣ ਲਗੋ। ਉੱਥੇ ਜਲੀ ਜਲਾਈ ਅੱਗ ਤੁਹਾਨੂੰ ਸੇਕਣ ਵਾਸਤੇ ਮਿਲ ਜਾਂਦੀ ਹੈ। ਇੱਥੇ ਤੁਸੀਂ ਜਲੀ ਜਲਾਈ ਅੱਗ ਕੋਲ ਬੈਠੇ ਹੋ। ਗੁਰੂ ਅਤੇ ਚੇਲੇ ਦੇ ਵਿਚਕਾਰ ਤਾਂ ਸਿਰਫ਼ ਦਿਲ ਨਾਲ ਦਿਲ ਦੀ ਰਾਹ ਬਣਨ ਦੀ ਜ਼ਰੂਰਤ ਹੈ।

ਗੁਰੂ ਤੋਂ ਅਧਿਆਤਮ ਦੀਆਂ ਜੋ ਧਾਰਾਵਾਂ ਪ੍ਰਸਾਰਤ ਹੁੰਦੀਆਂ ਹਨ, ਉਹਨਾਂ ਨੂੰ ਗ੍ਰਹਿਣ ਕਰਨ ਅਤੇ ਸਮੇਟਣ ਦੀ ਸ਼ਕਤੀ ਚੇਲਾ ਆਪਣੇ ਅੰਦਰ ਪੈਦਾ ਕਰੇ। ਫਿਰ ਭਾਵੇਂ ਗੁਰੂ ਕਿਤੇ ਰਹੇ, ਭਾਵੇਂ ਚੇਲਾ ਕਿਤੇ ਰਹੇ, ਉਹ ਅੰਦਰੋਂ ਇੱਕ ਦੂਸਰੇ ਨਾਲ ਜੁੱੜੇ ਰਹਿੰਦੇ ਹਨ। ਤੁਸੀਂ ਇੱਕ ਸਵਾਲ ਗੁਰੂ ਤੋਂ ਪੁੱਛੋ, ਫਿਰ ਉਹ ਹੀ ਸਵਾਲ ਜਾ ਕੇ ਚੇਲੇ ਤੋਂ ਪੁੱਛੋ, ਦੋਨਾਂ ਦਾ ਜਵਾਬ ਨਾ ਸਿਰਫ਼ ਇਕੋ ਜਿਹਾ ਹੋਵੇਗਾ ਬਲਕਿ ਭਾਸ਼ਾ ਵੀ ਇੱਕੋ ਹੀ ਹੋਵੇਗੀ। ਇਹ ਕੋਈ ਚਮਤਕਾਰ ਨਹੀਂ, ਇਹ ਗੱਲ ਅਭਿਆਸ ਨਾਲ ਪੈਦਾ ਕੀਤੀ ਜਾ ਸਕਦੀ ਹੈ। ਦੂਰਦਰਸ਼ਨ ਅਤੇ ਰੇਡੀਓ ਜਦੋਂ ਨਹੀਂ ਸਨ, ਤਾਂ ਕੀ ਇਸ ਗੱਲ ਦੀ ਕਲਪਨਾ ਕੀਤੀ ਜਾ ਸਕਦੀ ਸੀ ਕਿ ਅਜਿਹੀ ਕੋਈ ਵਸਤੂ ਹੋ ਸਕਦੀ ਹੈ ? ਹੁਣ ਹਰ ਕੋਈ ਇਹ ਕਹਿੰਦਾ ਹੈ ਕਿ ਇਹ ਸੁਭਾਵਕ ਹੈ, ਕੁਦਰਤ ਦੇ ਨਿਯਮਾਂ ਦੇ ਅਨੁਸਾਰ ਹੈ, ਜਿਸ ਨੂੰ ਸਾਇੰਸ ਨੇ ਹੁਣ ਖੋਜ ਲਿਆ ਹੈ। ਕੁਦਰਤ ਦੇ ਕਈ ਹੋਰ ਨਿਯਮ ਹਨ, ਜਿਨ੍ਹਾਂ ਦਾ ਅਜੇ ਸਾਨੂੰ ਕੋਈ ਪਤਾ ਨਹੀਂ।

**ਸਵਾਲ :** ਇੱਥੋਂ ਤੱਕ ਕਿ ਕੁਦਰਤ ਦੇ ਨਿਯਮਾਂ ਅਨੁਸਾਰ ਅਗਰ ਅਸੀਂ ਕੇਕ, ਪੇਸਟਰੀ ਆਦਿ ਦਾ ਪ੍ਰਯੋਗ ਕਰਦੇ ਹਾਂ, ਜਿੰਨ੍ਹਾਂ ਵਿੱਚ ਥੋੜ੍ਹੀ ਬਹੁਤ ਮਾਤਰਾ ਵਿੱਚ ਅੰਡਾ ਹੁੰਦਾ ਹੈ, ਉਸ ਦਾ ਵੀ ਸਾਡੇ ਉੱਤੇ ਅਸਰ ਹੋਵੇਗਾ, ਚਾਹੇ ਸਾਨੂੰ ਇਸ ਬਾਰੇ ਪਤਾ ਹੋਵੇ ਜਾਂ ਨਾ। ਅਸੀਂ ਲੋਕ ਸ਼ਹਿਰ ਵਿੱਚ ਬਿਸਕੁਟ ਅਤੇ ਪੇਸਟਰੀਆਂ ਖਰੀਦ ਦੇ ਹੱਥਾਂ, ਕਦੇ ਤਾਂ ਦੁਕਾਨਦਾਰ ਦੱਸ ਦਿੰਦਾ ਹੈ ਕਿ ਇਸ ਵਿੱਚ ਅੰਡਾ ਹੈ, ਕਦੇ ਕਹਿ ਦਿੰਦਾ ਹੈ ਨਹੀਂ। ਇਸੇ ਤਰ੍ਹਾਂ ਅਸੀਂ ਕਈ ਵਾਰ ਅਜਿਹੇ ਪਕਵਾਨ ਲੈ ਲੈਂਦੇ ਹਾਂ, ਜਿੰਨ੍ਹਾਂ ਵਿੱਚ ਅੰਡਾ ਹੁੰਦਾ ਹੈ। ਸਾਡੇ ਉੱਤੇ ਇਸ ਦਾ ਪ੍ਰਭਾਵ ਕਿਉਂ ਪਵੇ, ਜਦੋਂ ਕਿ ਇਸ ਦੇ ਬਾਰੇ ਸਾਨੂੰ ਪਤਾ ਨਹੀਂ ਹੁੰਦਾ ਹੈ। ਅਸੀਂ ਜਾਣ ਬੁਝ ਕੇ ਨਿਯਮਾਂ ਦਾ ਉਲੰਘਣ ਤਾਂ ਨਹੀਂ ਕੀਤਾ।

**ਮਹਾਰਾਜ ਜੀ :** ਅਗਰ ਤੁਸੀਂ ਨਿਯਮਤ ਰੂਪ ਨਾਲ ਭਜਨ-ਸਿਮਰਨ ਕਰਦੇ ਹੋ, ਤਾਂ ਛੋਟੀ ਤੋਂ ਛੋਟੀ ਚੀਜ਼ ਦਾ ਵੀ ਤੁਹਾਡੇ ਉੱਤੇ ਅਸਰ ਹੋਵੇਗਾ। ਮੈਂ ਤੁਹਾਨੂੰ ਦੱਸਦਾ ਹਾਂ, ਜਦੋਂ ਮੈਂ ਇੱਕ ਅਜਿਹੀ ਰੈਜਮੈਂਟ ਵਿੱਚ ਲੇਖਾ ਅਫ਼ਸਰ ਸੀ, ਜੋ ਫਾਇਰਿੰਗ ਲਾਈਨ ਉੱਤੇ ਤਾਇਨਾਤ ਸੀ। ਰੋਟੀ ਪਕਾਉਣ ਵਾਸਤੇ ਮੈਨੂੰ ਇੱਕ ਅਰਦਲੀ ਮਿਲਿਆ ਹੋਇਆ ਸੀ। ਮੈਂ ਅਰਦਲੀ ਨੂੰ ਕਹਿ ਰਖਿਆ ਸੀ,"ਬਈ ਮੈਂ ਤੇਰੀ ਪਿੱਛਲੀ ਜ਼ਿੰਦਗੀ ਦਾ ਜ਼ਿੰਮੇਵਾਰ ਨਹੀਂ ਹਾਂ। ਤੂੰ ਕੀ ਸੀ, ਕੀ ਕਰਦਾ ਸੀ, ਇਸ ਨਾਲ ਮੈਨੂੰ ਕੋਈ ਸਰੋਕਾਰ ਨਹੀਂ ਪਰ ਇੱਕ ਗੱਲ ਦਾ ਧਿਆਨ ਰੱਖਣਾ, ਖਾਣਾ ਪਕਾਉਂਦੇ ਸਮੇਂ ਕਿਸੇ ਨੂੰ ਰਸੋਈ ਵਿੱਚ ਨਹੀਂ ਆਉਣ ਦੇਣਾ ਅਤੇ ਖਾਣਾ ਪਕਾਉਂਦੇ ਸਮੇਂ ਪ੍ਰਭੂ ਦਾ ਸਿਮਰਨ ਕਰਨਾ ਜਾਂ ਕਿਸੇ ਧਰਮ ਗ੍ਰੰਥ ਦੀ ਬਾਣੀ ਜਾਂ ਸ਼ਬਦ ਦਾ ਉਚਾਰਣ ਕਰਦੇ ਰਹਿਣਾ।" ਅਰਦਲੀ ਨੇ ਮੇਰੀ ਗੱਲ ਉੱਤੇ ਅਮਲ ਕੀਤਾ ਅਤੇ ਤਿੰਨ ਚਾਰ ਦਿਨ ਤੱਕ ਕੰਮ ਠੀਕ ਚਲਦਾ ਰਿਹਾ। ਲੋਕ ਖਾਣਾ ਖਾ ਕੇ ਸੌਂ ਜਾਂਦੇ, ਪ੍ਰੰਤੂ ਮੈਂ ਜਾਗਦਾ ਰਹਿੰਦਾ ਸੀ ਅਤੇ ਭਜਨ-ਸਿਮਰਨ ਵਿੱਚ ਰਾਤ ਗੁਜਾਰਦਾ ਸੀ।

ਇੱਕ ਦਿਨ ਮੈਂ ਭਜਨ ਉੱਤੇ ਬੈਠਿਆ ਤਾਂ ਮੇਰਾ ਮਨ ਨਹੀਂ ਲੱਗਿਆ। ਤਰ੍ਹਾਂ-ਤਰ੍ਹਾਂ ਦੇ ਖਿਆਲ ਮਨ ਵਿੱਚ ਆਉਣ ਲੱਗੇ। ਰਾਤ ਨੂੰ ਇੱਕ ਵੱਜੇ ਦੇ ਕਰੀਬ ਮੈਂ ਅਰਦਲੀ ਨੂੰ ਜਗਾਇਆ ਅਤੇ ਉਸ ਤੋਂ ਪੁੱਛਿਆ,"ਕਿਉਂ ਬਈ, ਅੱਜ ਤੈਨੂੰ ਕੋਈ ਰਸੋਈ ਵਿੱਚ ਮਿਲਣ ਆਇਆ ਸੀ ?"

ਅਰਦਲੀ ਨੇ ਉੱਤਰ ਦਿੱਤਾ,"ਨਹੀਂ ਸਾਹਿਬ, ਕੋਈ ਨਹੀਂ ਆਇਆ ਸੀ।" ਮੈਂ ਫਿਰ ਕਿਹਾ,"ਕਿਉਂ ਝੂਠ ਬੋਲਦੇ ਹੋ" ਇੰਨੇ ਉੱਤੇ ਉਸ ਨੇ ਕਬੂਲ ਕਰ ਲਿਆ ਕਿ ਕੋਈ ਆਦਮੀ ਉਸ ਨੂੰ ਮਿਲਣ ਆਇਆ ਸੀ, ਉਹ ਖਾਣਾ ਪਕਾਉਂਦੇ ਵਕਤ ਉਸ ਨਾਲ ਰਸੋਈ ਵਿੱਚ ਗੱਲਾਂ ਕਰਦਾ ਰਿਹਾ। ਇਸੇ ਤਰ੍ਹਾਂ ਜੇਕਰ ਤੁਹਾਡੇ ਅੰਦਰ ਗ਼ੰਦਗੀ ਹੀ ਗ਼ੰਦਗੀ ਭਰੀ ਹੋਈ ਹੈ ਤਾਂ ਉਸ ਉੱਤੇ ਥੋੜ੍ਹੀ ਜਹੀ ਹੋਰ ਗ਼ੰਦਗੀ ਪਾ ਦਿੱਤੀ ਜਾਵੇ ਤਾਂ ਕੋਈ ਫ਼ਰਕ ਨਹੀਂ ਪਵੇਗਾ। ਜੇਕਰ ਤੁਹਾਡਾ ਅੰਤਰ-ਕਰਣ ਨਿਰਮਲ ਹੈ, ਤਾਂ ਲੇਸ-ਮਾਤਰ ਗ਼ੰਦਗੀ ਦਾ ਵੀ ਅਸਰ ਹੋਵੇਗਾ, ਜਿਸ ਤਰ੍ਹਾਂ ਸਫ਼ੈਦ ਚਾਦਰ ਉੱਤੇ ਕਾਲਖ ਦੀ ਛੋਟੀ ਜਹੀ ਛਿੱਟ ਵੀ ਸਾਫ਼ ਦਿਖਾਈ ਦਿੰਦੀ ਹੈ।

ਤੁਹਾਡੀ ਰੋਜ਼ੀ ਨੇਕ ਕਮਾਈ ਨਾਲ ਆਉਣੀ ਚਾਹੀਦੀ ਹੈ। ਆਪਣੇ ਹੱਥਾਂ ਦੀ ਮਿਹਨਤ ਨਾਲ, ਖ਼ੂਨ ਪਸੀਨਾ ਬਹਾ ਕੇ, ਨੇਕ ਢੰਗ ਨਾਲ ਰੋਟੀ ਕਮਾਉ। ਜਿੰਨ੍ਹਾਂ ਹੱਥਾਂ ਨਾਲ ਖਾਣਾ ਪਕਾਇਆ ਜਾਂ ਪਰੋਸਿਆ ਜਾਂਦਾ ਹੈ, ਉਹ ਹੱਥ ਵੀ ਪਾਕ ਸਾਫ਼ (ਨੇਕ ਲੋਕਾਂ ਦੇ) ਹੋਣੇ ਚਾਹੀਦੇ ਹਨ। ਰੋਟੀ ਪਰੋਸਣ ਵਾਲੇ ਆਦਮੀ ਦੇ ਖਿਆਲਾਂ ਦਾ ਵੀ ਉਸ ਉੱਤੇ ਅਸਰ ਹੁੰਦਾ ਹੈ। ਭੋਜਨ ਜੋ ਵੀ ਹੋਵੇ, ਸਾਤਵਿਕ ਹੋਵੇ। ਖਾਣਾ ਪਕਾਉਣ ਵਾਲੇ ਦੇ ਵਿਚਾਰਾਂ ਦਾ ਵੀ ਭੋਜਨ ਉੱਤੇ ਅਸਰ ਪੈਂਦਾ ਹੈ। ਪੁਰਾਣੇ ਜ਼ਮਾਨੇ ਵਿੱਚ, ਘੱਟ ਤੋਂ ਘੱਟ ਹਿੰਦੋਸਤਾਨ ਵਿੱਚ ਇਹ ਰਿਵਾਜ਼ ਸੀ ਕਿ ਕਿਸੇ ਗੈਰ ਆਦਮੀ ਨੂੰ ਰਸੋਈ ਵਿੱਚ ਨਹੀਂ ਆਉਣ ਦਿੱਤਾ ਜਾਂਦਾ ਸੀ ਅਤੇ ਰਸੋਈਏ ਦੇ ਵਾਸਤੇ ਵੀ ਇਹ ਜ਼ਰੂਰੀ ਸੀ ਕਿ ਰਸੋਈ ਘਰ ਵਿੱਚ ਜਾਣ ਤੋਂ ਪਹਿਲਾਂ ਉਹ ਇਸ਼ਨਾਨ ਕਰੇ ਅਤੇ ਪ੍ਰਭੂ ਦਾ ਧਿਆਨ ਕਰਕੇ ਰਸੋਈ ਵਿੱਚ ਕੰਮ ਸ਼ੁਰੂ ਕਰੇ। ਇਸ ਤਰ੍ਹਾਂ ਜੋ ਵੀ ਉੱਥੇ ਭੋਜਨ ਪ੍ਰਾਪਤ ਕਰਦਾ ਸੀ, ਉਹ ਆਪਣੇ ਅੰਦਰ ਇੱਕ ਵਿਸ਼ੇਸ਼ ਪ੍ਰੀਵਰਤਨ ਮਹਿਸੂਸ ਕਰਦਾ ਸੀ।

ਅੱਜ ਕੱਲ੍ਹ ਇਹਨਾਂ ਗੱਲਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ। ਜੇਕਰ ਕੋਈ ਸਦਾਚਾਰੀ, ਨੇਕ-ਪਾਕ, ਆਦਮੀ ਭੋਜਨ ਪਕਾਉਂਦਾ ਜਾਂ ਪਰੋਸਦਾ ਹੈ, ਉਸ ਦਾ ਬਹੁਤ ਚੰਗਾ ਪ੍ਰਭਾਵ ਪੈਂਦਾ ਹੈ, ਉਸ ਨਾਲ ਖਾਣ ਵਾਲੇ ਦੇ ਵਿਚਾਰ ਸ਼ੁੱਧ ਹੁੰਦੇ ਹਨ। ਇਸ ਦੇ ਉਲਟ ਵਿਸ਼ਈ ਵਿਅਕਤੀ ਦੁਆਰਾ ਪਰੋਸਿਆ ਭੋਜਨ, ਖਾਣ ਵਾਲੇ ਦੇ ਵਿਚਾਰਾਂ ਉੱਤੇ ਵੀ ਅਸਰ ਪਾਉਂਦਾ ਹੈ। ਹੁਣ ਤੁਸੀਂ ਸਮਝ ਗਏ ਹੋਵੋਗੇ ਕਿ ਸਾਨੂੰ ਰਸੋਈ ਦੀ ਸਫ਼ਾਈ ਅਤੇ ਸ਼ੁੱਧਤਾ ਵੱਲ ਕਿੰਨੀ ਸਾਵਧਾਨੀ ਵਰਤਣੀ ਚਾਹੀਦੀ ਹੈ ?

**ਚੱਲਦਾ ਹੈ .........//**

# ਸਤਿਸੰਗ ਪ੍ਰਵਚਨ



**ਪਰਮ ਸੰਤ ਡਾ. ਹਰਭਜਨ ਸਿੰਘ ਜੀ ਮਹਾਰਾਜ**

**16-11-1991**

**ਲੜੀ ਜੋੜਨ ਲਈ ਪਿੱਛਲੇ ਮਾਂਹ ਦਾ ਅੰਕ ਵੇਖੋ .........//**

ਉਸ ਨੂੰ ਕਹਿਣ ਲੱਗੇ ਵੇਖ ਬਈ, ਅੱਗੇ ਵਾਸਤੇ ਪਾਪ ਨਾ ਕਰਨਾ, ਜੋ ਤੂੰ ਕੀਤਾ ਹੈ ਅੱਗੇ ਲਾਈਨ ਲਗਾ ਦਿਉ । ਕਹਿੰਦੇ ਜੇ ਲਾਈਨ ਲੱਗ ਜਾਵੇਗੀ, ਪਿਆਰ ਫਿਰ ਅੰਤਰ ਦੇ ਵਿੱਚ ਉਭਰਨਾ ਸ਼ੁਰੂ ਕਰ ਦੇਵੇਗਾ । ਜੇ ਆਦਮੀ ਸੱਚੇ ਦਿਲ ਨਾਲ ਇੱਕ ਲਾਈਨ ਲਗਾ ਦੇਵੇ ਕਿ ਮੈਂ ਇਹ ਚੀਜ਼ ਨਹੀਂ ਕਰਨੀ, ਉਹਦੇ ਵਿੱਚ ਜ਼ਬਰਦਸਤ ਤਬਦੀਲੀ ਆ ਜਾਵੇਗੀ ।

**ਸੰਤ ਸਮਾਗਮ ਹਰਿ ਕਥਾ ਤੁਲਸੀ ਦੁਰਲਭ ਦੋਇ॥**
**ਸੁਤ ਦਾਰਾ ਔਰ ਲਛਮੀ ਪਾਪੀ ਕੇ ਭੀ ਹੋਇ॥**

ਇਹ ਜਿਹੜੀਆਂ ਦੋ ਚੀਜ਼ਾਂ ਹਨ, ਇਹ ਦੁਰਲਭ ਹਨ।

**ਸੁਤ ਦਾਰਾ ਔਰ ਲਛਮੀ ਪਾਪੀ ਕੇ ਭੀ ਹੋਇ॥**

ਚੰਗੀਆਂ ਖ਼ੂਬਸੂਰਤ ਔਰਤਾਂ ਅਤੇ ਚੰਗੇ-ਚੰਗੇ ਬੰਦੇ ਬੜੇ-ਬੜੇ ਸੋਹਣੇ ਬੱਚੇ, ਇਹ ਤੇ ਪਾਪੀਆਂ ਦੇ ਘਰਾਂ ਦੇ ਵਿੱਚ ਵੀ ਰੁੱਲਦੇ ਫਿਰਦੇ ਹਨ। ਇਹਦੇ ਵਾਸਤੇ ਕਿਉਂ ਮਾਣ ਕਰਦਾ ਹੈ ? ਜਿਹੜੀਆਂ ਚੀਜ਼ਾਂ ਆਮ ਮਿਲ ਜਾਂਦੀਆਂ ਬਈ, ਇਹ ਤੁਹਾਨੂੰ ਪ੍ਰਲਬਧ ਕਰਮਾਂ ਕਰਕੇ ਮਿਲ ਹੀ ਜਾਣੀਆਂ ਹਨ। ਇਹਨਾਂ ਤੇ ਕਿਉਂ ਮਾਣ ਕਰਦੇ ਹੋ ? ਮਾਣ ਕਰੋ ਆਪਣੇ ਆਪ ਤੇ ਕਿ ਤੁਹਾਡੀ ਗ਼ਰਜ ਕੀ ਹੈ ? ਮਾਣ ਤਾਂ ਹੀ ਕਰਾਂਗੇ ਜੇ ਆਪਣੇ ਅੰਤਰ ਜਾਵਾਂਗੇ, ਆਪਣੇ ਆਪ ਨੂੰ ਜਾਣਾਂਗੇ। ਫਿਰ ਬਈ ਬੱਚੇ ਵੀ ਬਣਨਗੇ। ਸਭ ਕੁਛ ਬਣੇਗਾ, ਘਰ ਵੀ ਬਣੇਗਾ। ਫਿਰ ਬਈ ਹਰਿਮੰਦਰ ਬਣੇਗਾ। ਘਰ ਵੀ ਹਰਿਮੰਦਰ ਬਣੇਗਾ। ਕੋਈ ਤਲੀਮ ਹੈ ਬਈ। ਕਹਿੰਦੇ ਹਨ, ਇਹ ਤਲੀਮ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਹੈ। ਮੈਂ ਅਰਜ ਕਰ ਰਿਹਾ ਸੀ ਕਿ ਸੰਤ ਕਿਰਪਾਲ ਸਿੰਘ ਜੀ ਨੂੰ ਪੁੱਛਿਆ ਕਿ ਕੀ ਇਹ ਤਜ਼ੁਰਬਾ ਦੇ ਸਕਦੇ ਹੋ, ਜਿਹੜਾ ਕਰਾਈਸਟ ਤਜ਼ੁਰਬਾ ਦਿੰਦੇ ਸਨ ? ਕਰਾਈਸਟ ਤਜ਼ੁਰਬਾ ਕੀ ਦਿੰਦਾ ਸੀ ? ਜਿਊਂਦੇ ਜੀਅ ਅੱਖ ਖੋਹਲਦਾ ਸੀ।

**ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥**
**ਨਾਨਕ ਸੇ ਅਖੜੀਆਂ ਬਿਅੰਨਿ ਜਿੰਨ ਡਿਸੰਦੋ ਮਾ ਪਰੀ॥ ਪੰਨਾ-577**
**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ ਪੰਨਾ -1365**
**ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥**
**ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥ ਪੰਨਾ-555**

ਕਿੰਨੇ ਖ਼ੂਬਸੂਰਤ ਲਫ਼ਜ ਹਨ ? ਕਹਿੰਦੇ ਹਨ ਇਹ ਸਾਰੀਆਂ ਚੀਜ਼ਾਂ ਹਨ। ਜਦ ਜਿਸਮ ਤੋਂ ਉੱਪਰ ਆਉਗੇ। ਸਾਡਾ ਮਰਨਾ ਜੋ ਹੈ, ਉਹ ਹਮੇਸ਼ਾਂ ਦਾ ਮਰਨਾ ਹੈ। ਕਰਾਈਸਟ ਨੇ ਕਿਹਾ :-

learn to die so that you may begin to live.

ਕਹਿੰਦੇ ਜਿਉਂਦੇ ਜੀਅ ਮਰਨਾ ਸਿੱਖੋ ਬਈ ਤਾਂ ਕੇ ਹਮੇਸ਼ਾਂ ਦੀ ਜ਼ਿੰਦਗੀ ਪਾ ਜਾਓ। ਦੁਜਨਮਾ ਬਣਾਉਂਦੇ ਹਨ, ਨਾ ਹਿੰਦੂਆਂ ਭਾਈਆਂ ਦੇ ਵਿੱਚ ! ਜਿਉਂਦੇ ਜੀਅ ਇੱਥੇ ਮੱਥੇ ਤੇ ਲਿਆ ਕੇ ਕੀ ਕਹਿੰਦੇ ਹਨ ਕਿ ਅੰਦਰ ਬ੍ਰਹਿਮਾਂਡ ਦਾ ਸੂਰਜ ਚੜਿਆ ਪਿਆ ਹੈ। ਪਰੁਣੋਂ ਕੀ ਧੁੰਨੀ ਹੋ ਰਹੀ ਹੈ। ਅੰਮ੍ਰਿਤ ਛਕਾਉਂਦੇ ਹਨ ? ਅੰਮ੍ਰਿਤ ਵੀ ਇਹੋ ਚੀਜ਼ ਹੈ।

**ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ॥ਰਹਾਉ॥ ਪੰਨਾ-634**

ਅੰਤਰ ਦੇ ਵਿੱਚ ਜੋਤੀ ਹੈ ਔਰ ਉਹਦੇ ਅੰਦਰ ਬਾਣੀ ਹੋ ਰਹੀ ਹੈ। ਉਹਦਾ Contact ਸਾਡੇ ਨਾਲ ਹੈ।

**ਪੂਰਨ ਜੋਤ ਜਗੇ ਘਟਿ ਮਹਿ ਤਬ ਖਾਲਸ ਤਾਹਿ ਨਿਖਾਲਸ ਜਾਨੈ॥ ਪੰਨਾ-10**

ਖਾਲਸਾ ਕੌਣ ਹੈ ਬਈ ? ਜਿਸਦੇ ਅੰਦਰ ਇੱਥੇ ਜੋਤਿ ਦਾ ਪਰਕਾਸ਼ ਹੈ। ਅੱਖਾਂ ਬੰਦ ਕਰਦੇ ਹਾਂ, ਅੰਦਰ ਜੋਤਿ ਨਜ਼ਰ ਆਉਂਦੀ ਹੈ, ਉਹਦੇ ਅੰਦਰ ਬਾਣੀ ਹੋ ਰਹੀ ਹੈ, ਉਹ ਖਾਲਸਾ ਹੈ। ਖਾਲਸੇ ਦੀ ਬੜੀ ਤਰੀਫ ਕੀਤੀ ਹੈ।

**ਖਾਲਸਾ ਮੇਰਾ ਖਾਸ ਹੈ ਰੂਪ॥ ਖਾਲਸੈ ਮਹਿ ਮੈਂ ਕਰੂੰ ਨਿਵਾਸ॥**
**ਖਾਲਸਾ ਮੇਰਾ ਸਤਿਗੁਰ ਪੂਰਾ॥ ਖਾਲਸਾ ਮੇਰਾ ਸਜਨ ਪੂਰਾ॥**

ਬੜੀ ਤਰੀਫ ਕੀਤੀ ਖਾਲਸੇ ਦੀ। ਫਿਰ ਕੀ ਕਿਹਾ ?

**ਜਬ ਕਰੇ ਇਹ ਬਿਪਰਨ ਕੀ ਰੀਤ॥ ਤਬ ਨਾ ਕਰੂ ਇਨਕੀ ਪਰਤੀਤ॥**

ਕਹਿੰਦੇ ਜਦ ਇਹ ਬਿਪਰਨ ਦੀ ਰੀਤ ਕਰੇਗਾ, ਮੈਂ ਇਹਦੇ ਤੇ ਇਤਬਾਰ ਨਹੀਂ ਕਰਾਂਗਾ। ਵਿਸ਼ਵਾਸ਼ ਘਾਤ ਹੋ ਜਾਵੇਗਾ। ਕਿਉਂ ਬਈ ਖਾਲਸਾ ਕੌਣ ਹੈ ? ਜਿਸ ਦੇ ਅੰਦਰ ਪੂਰਨ ਜੋਤਿ ਜੱਗਦੀ ਹੈ। ਕਹਿੰਦੇ ਜਿਹੜਾ ਪ੍ਰਭੂ ਪਰਮਾਤਮਾ ਦੇ

ਨਾਲ ਜੁੱੜਿਆ ਹੋਵੇ, ਉਹ ਖਾਲਸਾ ਹੈ। ਕਹਿੰਦੇ ਫਿਰ ਬਈ, ਉਹ ਪੂਰਾ ਸਤਿਗੁਰ ਵੀ ਹੈ। ਕਹਿੰਦੇ ਉਹਦੇ ਵਿੱਚ ਇਹ ਵੀ ਸਮਰੱਥਾ ਹੈ। ਉਹ ਆਪ ਜੁੱੜਿਆ ਹੈ ਅਤੇ ਦੂਸਰਿਆਂ ਨੂੰ ਵੀ ਜੋੜ ਦਿੰਦਾ ਹੈ, ਉਹ ਖਾਲਸਾ ਹੈ। ਜਿਹੜੀ ਚੀਜ਼ ਉਸ ਨੂੰ ਮਿਲੀ ਹੈ, ਉਹ ਦੂਸਰਿਆਂ ਨੂੰ ਵੀ ਦੇ ਸਕਦਾ ਹੋਵੇ। ਜੇ ਧਨੀ ਦੇ ਕੋਲ ਜਾਉਗੇ, ਉਹਦਾ ਸਾਨੂੰ ਫਾਇਦਾ ਤਾਂ ਹੀ ਹੈ ਜੇ ਉਹ ਤੁਹਾਨੂੰ ਮਾਲੋ-ਮਾਲ ਕਰ ਦੇਵੇ। ਬਾਪ ਤੇ ਉਸ ਦੀ ਜ਼ਰੂਰਤ ਹੈ, ਜੋ ਬਿੱਜ਼ਨੈਸ (ਵਪਾਰ) ਦਾ ਅਸੂਲ ਦੱਸਦਾ ਹੈ, ਨਾਲ ਕੈਸ਼ਪੇਮੈਂਟ ਵੀ ਦੇ ਦੇਵੇ। ਇਹ ਕਹੇ ਕਿ ਬਿਜਨੈਸ ਚਲਾ ਲੈ। ਬਿਜਨੈਸ ਦਸ ਕੇ, ਖ਼ਾਲੀ ਮਜ਼ਬੂਨ ਦੱਸ ਕੇ ਪੈਸੇ ਨਹੀਂ ਦਿੰਦਾ ਫਿਰ ਤੇ ਉਹ ਖ਼ਾਲੀ ਥੀਰੈਟੀਕਲ ਮਜ਼ਬੂਨ ਹੀ ਰਿਹਾ ਨਾ ! ਇਹ ਗ਼ਲਤ ਮਲਤ ਚੀਜ਼ ਹੋ ਗਈ। ਸੋ ਗੁਰੂ ਜੋ ਹੈ, ਉਹ ਪ੍ਰੈਕਟੀਕਲ ਹੈ।

ਸੰਤ ਕਿਰਪਾਲ ਸਿੰਘ ਜੀ ਨੂੰ ਜਦ ਪੁੱਛਿਆ, ਕਹਿੰਦੇ ਬੈਠੋ ਅਤੇ ਦੇਖੋ। Sit and see ਬਠਾਇਆ ਅਤੇ ਜਿਸਮ ਤੋਂ ਰੂਹ ਉਪਰ ਚਲੀ ਗਈ। ਕਹਿੰਦੇ ਇਹ ਕਿਸੇ ਦੀ ਵਿਰਾਸਤ ਹੈ ? ਕੋਈ ਲੈ ਜਾਏ ਬਈ। ਗ਼ਰੀਬ ਲੈ ਜਾਏ, ਅਮੀਰ ਲੈ ਜਾਏ, ਬਾਦਸ਼ਾਹ ਲੈ ਜਾਏ, ਛੋਟਾ ਲੈ ਜਾਏ, ਵੱਡਾ ਲੈ ਜਾਏ, ਕੋਈ ਫਿਕਰ ਨਹੀਂ। ਕੋਈ ਸ਼ਰਧਾ ਦੇ ਨਾਲ ਆ ਜਾਏ। ਜਿਹੜਾ ਸ਼ਰਧਾ ਭਾਵ ਦੇ ਨਾਲ ਆ ਜਾਵੇ।

ਕਰਾਈਸਟ ਦੇ ਕੋਲ ਇੱਕ ਵੇਸ਼ਵਾ ਗਈ। ਕਹਿੰਦੇ ਹਨ, ਕਿਸੇ ਮਹਾਂਪੁਰਸ਼ ਦੇ ਕੋਲ ਜਾਉ, ਫਿਰ ਥੋੜ੍ਹਾ ਡਰ ਵੀ ਲੱਗੇਗਾ। ਡਰ ਕਿਸ ਕਰਕੇ ਲੱਗੇਗਾ ਕਿ ਜਿਹੜੇ ਸਾਡੇ ਪਾਪ ਹਨ, ਉਹ ਕੰਬਦੇ ਹਨ। ਉਸ ਨੇ ਰੋਣਾ ਸ਼ੁਰੂ ਕਰ ਦਿੱਤਾ। ਜਦ ਜਾ ਕੇ ਮੱਥਾ ਟੇਕਿਆ, ਪੈਰਾਂ ਤੇ ਪੈ ਗਈ। ਜਿਉਂ ਰੋਣ ਲੱਗੀ, ਰੋ-ਰੋ ਕੇ ਉਹਨਾਂ ਦੇ ਜੋ ਚਰਨ ਸਨ, ਉਹ ਸਾਰੇ ਭਿਉਂ ਦਿੱਤੇ। ਪਿਆਰ ਆਇਆ। ਉਸ ਨੇ ਫੜ ਕੇ ਗਲ ਦੇ ਨਾਲ ਲਾ ਲਿਆ। ਕਹਿੰਦੇ ਬੇਟਾ ਜੋ ਮੰਗਣਾ ਹੈ, ਮੰਗ। ਕਹਿੰਦੀ ਮੈਂ ਬਹੁਤ ਗ਼ਲਤ ਕੰਮ ਦੁਨੀਆਂ ਦੇ ਵਿੱਚ ਕੀਤਾ ਹੈ। ਲਾਗੇ ਇੱਕ ਬੜਾ ਪੜ੍ਹਿਆ ਲਿਖਿਆ ਸਾਈਮਨ ਬੈਠਾ ਸੀ। ਕਹਿੰਦੇ ਇਹ ਚੰਗਾ ਮਹਾਂਪੁਰਸ਼ ਹੈ, ਇੱਕ ਵੇਸ਼ਵਾ ਨੂੰ ਗੱਲ ਨਾਲ ਲਗਾ ਲਿਆ ਹੈ। ਉਹਨਾਂ ਦੇ ਅੰਤਰ ਦੇ ਵਿੱਚ ਖ਼ਿਆਲ ਆਇਆ। ਕਹਿੰਦੇ ਵੇਖ ਸਾਈਮਨ ! ਤੂੰ ਮੇਰੀ ਬੜੀ ਇੱਜ਼ਤ ਕੀਤੀ ਹੈ। ਤੂੰ ਮੈਨੂੰ ਖਾਣਾ ਵੀ ਖਵਾਇਆ ਹੈ। ਮੇਰਾ ਸਤਿਸੰਗ ਵੀ ਕਰਾਇਆ ਹੈ। ਕਹਿੰਦੇ ਪਰ ਤੂੰ ਮੇਰੇ ਆਂਸੂਆ ਦੇ ਨਾਲ ਪੈਰ ਨਹੀਂ ਧੋਤੇ। ਉਸ ਨੂੰ ਕੀ ਕਿਹਾ, ਕਹਿੰਦੇ ਅੱਗੇ ਵਾਸਤੇ ਕੋਈ ਗ਼ਲਤੀ ਨਾ ਕਰਨਾ। ਪਿੱਛਲੇ ਸਾਰੇ ਕਰਮ ਖਤਮ ਕਰ ਦਿੱਤੇ। ਕਹਿੰਦੇ ਕਿਸੇ ਸਤਿਸੰਗ ਦੇ ਵਿੱਚ ਜਾਉਗੇ, ਉੱਥੇ ਇਹੋ ਚੀਜ਼ ਮਿਲਦੀ ਹੈ। ਕਹਿੰਦੇ ਪੁਰਾਣੇ ਜੋ ਕਰਮ ਹਨ :-

**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥ ਪੰਨਾ-16.608**

ਛਿੰਨ ਭਰ ਤਵੱਜੋ ਦੇ ਕੇ ਕਰੋੜਾਂ ਜਨਮਾਂ ਦੇ ਜੋ ਉੱਘਰ ਪਾਪ ਹਨ, ਉਹ ਖਤਮ ਹੋ ਜਾਂਦੇ ਹਨ। ਕਹਿੰਦੇ Line of action draw ਕਰੋ। ਅੱਗੇ ਨਾ ਕਰੋ, ਅੱਗੇ ਚੱਲੋ ਬਈ। ਰੋਸ਼ਨੀ ਅੰਤਰ ਦੇ ਵਿੱਚ ਹੈ। ਰੂਹ ਤਾਂ ਹੀ ਸਿੰਮਟੇਗੀ, ਜੇ ਪੁਰਾਣੇ ਸਾਰੇ ਕਰਮਾਂ ਦਾ ਨਾਸ ਹੋ ਜਾਵੇ। ਧਰਮਰਾਜ ਦਾ ਲੇਖਾ ਖਤਮ ਹੋ ਜਾਵੇ। ਇਹ ਗੁਰੂ ਦੀ ਸਮਰੱਥਾ ਹੈ। ਕਹਿੰਦੇ ਜਾਉ ਬਈ ਇਹੋ ਜਿਹਾ ਗੁਰੂ ਲੱਭੋ। ਜਾਉ ਕਿਸੇ ਐਸੀ ਹਸਤੀ ਦੇ ਕੋਲ, ਮੰਗ ਕਰੋ ਅੰਤਰ ਦੇ ਵਿੱਚ Demand ਕਰੋ। ਕਹਿੰਦੇ ਪ੍ਰਭੂ ਦੇ ਅੱਗੇ ਅਰਦਾਸ ਕਰੋ ਕਿ ਸਾਨੂੰ ਵੀ ਉਸਦੇ ਨਾਲ ਜੋੜੋ, ਜਿਸ ਨਾਲ ਤੁਸੀਂ ਮਿਲੇ ਹੋ। ਉਹ ਅੰਤਰ ਦੇ ਵਿੱਚ ਗਾਈਡ ਕਰੇਗਾ। ਜਾਉ ਬਈ ਫਿਲਾਣੀ ਜਗਾਹ। ਜਦ ਆਤਮਾ ਦੇ ਵਿੱਚ ਇਹ ਚੀਜ਼ ਪੈਦਾ ਹੋ ਜਾਂਦੀ ਹੈ। ਕਹਿੰਦੇ ਫਿਰ ਕੀ ਹੈ ? ਉਹ ਤਾਕਤ ਖਿੱਚ ਕੇ ਲੈ ਆਉਂਦੀ ਹੈ। ਮਿਕਨਾਤੀਸ ਅਸਰ ਹੁੰਦਾ ਹੈ। ਕਹਿੰਦੇ ਜਿੱਥੇ ਉਸ ਦੀ ਤਾਕਤ ਕੰਮ ਕਰਦੀ ਹੁੰਦੀ ਹੈ, ਉੱਥੇ ਪਹੁੰਚ ਜਾਂਦਾ ਹੈ। ਕਹਿੰਦੇ ਉੱਥੋਂ ਉਹ ਚੀਜ਼ ਮਿਲ ਜਾਵੇਗੀ।

ਸੋ ਬਈ ਇਹ ਜਿਸਮ ਹਰਿਮੰਦਰ ਹੈ। ਇਸ ਹਰਿਮੰਦਰ ਨੂੰ ਅਸੀਂ ਬੜਾ ਗ਼ਲਤ ਵਰਤਿਆ ਹੈ। ਵਰਤਿਆ ਹੈ ਨਾ

ਅਸੀਂ ਮਨ ਇੰਦਰੀਆਂ ਦੇ ਘਾਟ ਤੇ ਇਸ ਨੂੰ ਵਰਤਿਆ ਹੈ। ਇਸ ਨੂੰ Miss use ਕੀਤਾ ਹੈ। ਤੀਰਥ ਅਸਥਾਨਾਂ ਦਾ ਕੋਈ ਕਸੂਰ ਨਹੀਂ ਹੈ ਕਿ ਇਹ ਤੀਰਥ ਅਸਥਾਨ ਹੈ, ਗ਼ਲਤ ਆਦਮੀ ਹਨ। ਉਹ ਗ਼ਲਤ ਕਰ ਦਿੰਦੇ ਹਨ। ਗ਼ਲਤ ਆਦਮੀ ਬਾਹਰ ਨਿਕਲਣ, ਉਹ ਪਵਿੱਤਰ ਦਾ ਪਵਿੱਤਰ ਰਹਿ ਜਾਂਦਾ ਹੈ। ਇਹਦੇ ਅੰਦਰ ਸ਼ੀਸ਼ਾ ਲੱਗਾ ਪਿਆ। ਹਜ਼ਾਰਾਂ ਟੁੱਕੜੇ ਹੋਏ ਬਈ, ਕੋਈ ਇੱਥੇ ਡਿੱਗਾ, ਕੋਈ ਉੱਥੇ ਡਿੱਗਾ ਹੈ, ਕੋਈ ਉੱਥੇ ਡਿੱਗਾ ਹੈ। And you can not see the reflection. ਤੁਸੀਂ ਆਪਣਾ ਚਿਹਰਾ ਨਹੀਂ ਵੇਖ ਸਕਦੇ ਬਈ। ਕਿੰਨੀ ਜਗਾਹ ਆਦਮੀ ਵਿਕਿਆ ਪਿਆ ਹੈ ? ਕੋਈ ਉਥੇ ਵਿਕਿਆ, ਕਿਸੇ ਦੀ ਉੱਥੇ ਤਵੱਜੋ ਹੈ। ਕਿਸੇ ਦੀ ਉੱਥੇ ਤਵੱਜੋ ਹੈ। ਸਾਰਾ ਦਿਨ ਆਦਮੀ ਵਿੱਕ ਰਿਹਾ ਹੈ। ਕਹਿੰਦੇ ਬਈ ਆਪਣੇ ਆਪ ਵਿੱਚ ਸੁਰਤਵੰਤ ਬਣੋ। ਸੋਚੋ ਕਿੱਥੇ ਜਾਣਾ, ਕਿਉਂ ਆਏ ਸੀ, ਗ਼ਰਜ ਕੀ ਸੀ ? ਪਛਾਣੋ ਆਪਣੇ ਆਪ ਨੂੰ। ਸਾਰੇ ਧਰਮ ਗ੍ਰੰਥਾਂ ਨੂੰ ਲੈ ਕੇ ਆਪਣੇ ਅੰਦਰ ਝਾਤੀ ਮਾਰੋ। ਅੰਤਰ ਦੇ ਵਿੱਚੋਂ ਜਵਾਬ ਮਿਲੇਗਾ। ਸਵਾਲ ਅੰਤਰ ਦੇ ਵਿੱਚ ਹੈ। ਜਵਾਬ ਵੀ ਅੰਤਰ ਦੇ ਵਿੱਚ ਹੈ। ਬਿਮਾਰੀ ਅੰਤਰ ਦੇ ਵਿੱਚ ਹੈ। ਉਹਦਾ ਇਲਾਜ ਵੀ ਅੰਤਰ ਦੇ ਵਿੱਚ ਹੈ। ਬਾਹਰ ਕੋਈ ਚੀਜ਼ ਨਹੀਂ ਹੈ ਬਈ।

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥**
**ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥ ਪੰਨਾ-15.695**

ਜੋ ਕੁਛ ਹੈ ਅੰਤਰ ਦੇ ਵਿੱਚ ਹੈ, ਜੋ ਖੋਜੇਗਾ, ਉਹ ਪਾਵੇਗਾ। ਰਤਨ ਜਾਵਾਹਰ ਸਾਰੇ ਅੰਤਰ ਦੇ ਵਿੱਚ ਹਨ। ਅਸਲ ਚੀਜ਼ ਅੰਤਰ ਦੇ ਵਿੱਚ ਹੈ। ਸੰਤ ਕਿਰਪਾਲ ਸਿੰਘ ਜੀ ਨੂੰ ਜਦ ਇਹ ਚੀਜ਼ ਮਿਲੀ, ਸਿੱਧੀ ਮਿਲੀ ਔਰ ਕੀ ਵੇਖਿਆ ? ਹਰ ਇੱਕ ਦਾ ਹਿਰਦਾ ਵੇਖਿਆ ਕਿ ਬੱਚੇ ਬੜੇ ਦੁਖੀ ਹਨ ਬਈ।

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ ਪੰਨਾ-853**

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ। ਹੇ ਨਾਨਕ ! ਉਹਨਾਂ ਨੇ ਕਿੱਥੇ ਵੇਖਿਆ ? ਆਪਣੀ ਅੰਤਰੀ ਅੱਖ ਦੇ ਨਾਲ ਵੇਖਿਆ। ਉਹ ਜਿਹੜੀ ਅੰਤਰੀ ਅੱਖ ਗੁਰੂ ਦੀ ਹੈ, ਉਹ ਸਾਰਿਆਂ ਦੇ ਵਿੱਚ ਕੰਮ ਕਰ ਰਹੀ ਹੈ।

**ਗੁਰ ਕੇ ਚਰਣ ਸਦਾ ਮੇਰੇ ਮਾਥੇ॥**

ਬਈ ਗੁਰੂ ਦੇ ਚਰਣ ਹੈ, ਉਹ ਮੇਰੇ ਮੱਥੇ ਦੇ ਵਿੱਚ ਵੱਜਦੇ ਹਨ। ਉਹ ਗੁਰੂ ਵੇਖ ਰਿਹਾ ਹੈ। ਕਹਿੰਦੇ ਉਸ ਨੇ ਦੁਨੀਆਂ ਨੂੰ ਜਾਣਿਆ। ਕਿਉਂ ਉਹ ਗੁਰਮੁੱਖ ਹਨ। He is the mouth piece of God. ਉਹ ਪ੍ਰਭੂ ਪਰਮਾਤਮਾ ਖੁਦ ਸਨ। ਆਖਰ ਜਦ ਵੇਖਿਆ, ਕਹਿਣ ਲੱਗੇ ਹੇ ਨਾਨਕ ! ਇਹ ਸਾਰੀ ਦੁਨੀਆਂ ਜੱਲ ਰਹੀ ਹੈ। ਕਹਿੰਦੇ ਇਸ ਤੇ ਕਿਰਪਾ ਕਰ। ਕਹਿੰਦੇ ਕਿਹੜੀ ਕਿਰਪਾ ਕਰੋ ? ਕਹਿੰਦੇ ਕੋਈ ਥੋੜ੍ਹਾ ਜਿਹਾ ਸਿਰ ਕੱਢਦਾ ਹੈ, ਉਹਦੀ ਸੰਭਾਲ ਕਰੋ। ਮਾਂਹ ਦੇ ਵਿੱਚ ਥੋੜ੍ਹੀ ਜਿਹੀ ਸਫੈਦੀ ਹੁੰਦੀ ਹੈ ਨਾ ! ਕਹਿੰਦੇ ਤੁਸੀਂ ਉਸ ਸਫੈਦੀ ਜਿੰਨਾ ਉਸ ਨਾਲ ਪਿਆਰ ਕਰੋ, ਤੁਹਾਨੂੰ ਉਭਾਰ ਮਿਲੇਗਾ। ਤਵੱਜੋ ਉਸ ਪਾਸੇ ਲਿਆਉ, ਉਭਾਰ ਮਿਲੇਗਾ। ਇੱਡੀ ਵੱਡੀ ਗਰੰਟੀ ਹੈ, ਕਿਸ ਚੀਜ਼ ਦੇ ਵਿੱਚ ? ਇਸ ਕਲਿਜੁੱਗ ਦੇ ਵਿੱਚ। ਇਹ ਸਿਰਫ ਕਲਿਜੁੱਗ ਦੇ ਵਿੱਚ ਹੈ ਬਈ। ਸਤਿਜੁੱਗ, ਦੁਆਪਰ,ਤਿਰੇਤਾ ਇਹ ਤਿੰਨ ਜੁੱਗ ਹਨ। ਇਹ ਰੂਹ ਦੀ ਤਿਆਰੀ ਵਾਸਤੇ ਹਨ। ਚੌਥੇ ਜੁੱਗ ਕਲਿਜੁੱਗ ਦੇ ਵਿੱਚ ਜਦ ਰੂਹ ਆਉਂਦੀ ਹੈ, ਨਿਕਲਦੀ ਹੈ। ਕਹਿੰਦੇ ਜਦ ਪਿੱਛਲਾ ਸਤਿਜੁੱਗ ਆਇਆ, ਕਬੀਰ ਸਾਹਿਬ ਕਹਿੰਦੇ ਹਨ ਕਿ ਸਾਰੇ ਸਤਿਜੁੱਗ ਦੇ ਵਿੱਚ ਚਾਰ ਰੂਹਾਂ ਨਿਕਲੀਆਂ ਹਨ। ਕਹਿੰਦੇ ਹੁਣ ! ਕਹਿੰਦੇ ਹੁਣ

ਉਹਦਾ ਬੜਾ ਜਹਾਜ਼ ਹੈ। ਉਹ ਸਾਰੀ ਦੁਨੀਆਂ ਨੂੰ ਆਪਣੀ ਲਪੇਟ ਦੇ ਵਿੱਚ ਲਿਜਾ ਸਕਦਾ ਹੈ ਬਈ। ਕਹਿੰਦੇ ਜਹਾਜ਼ ਖੜਾ ਹੈ, ਉਹਦੇ ਵਿੱਚ ਬੈਠੋ। ਸਵਾਰ ਹੋਵੋ। ਗੁਰਬਾਣੀ ਕਹਿੰਦੀ ਹੈ :-

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁ ਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ ਪੰਨਾ-10.982**

ਕਹਿੰਦੇ ਤੁਹਾਡੀ ਸਾਰੀ ਚੀਜ਼ ਉਸ ਦੇ ਵਿੱਚ ਹੈ। ਤੁਹਾਡਾ ਲੈਣ ਦੇਣ ਵੀ ਉਹਦੇ ਵਿੱਚ ਹੈ। ਤੁਹਾਡਾ ਜ਼ਿੰਦਗੀ ਦਾ ਤੋਸ਼ਾ ਵੀ ਉਹਦੇ ਵਿੱਚ ਹੈ। ਕਹਿੰਦੇ ਜੋ ਤੁਹਾਨੂੰ ਚਾਹੀਦਾ ਹੈ, ਉਹਦੇ ਵਿੱਚੋਂ ਮਿਲ ਸਕਦਾ ਹੈ। ਕਹਿੰਦੇ ਉਹਦੇ ਵਿੱਚ ਸਵਾਰ ਹੋ ਜਾਉ। ਕਹਿੰਦੇ ਗੁਰੂ ਤੇ ਸਾਨੂੰ ਇੰਨਾ ਵੀ ਭਰੋਸਾ ਨਹੀਂ। ਇੱਕ ਟਾਂਗੇ ਦੇ ਉੱਤੇ ਅਸੀਂ ਚੜ੍ਹਦੇ ਹਾਂ। ਟਾਂਗਾ ਕਰ ਲੈਂਦੇ ਹਾਂ ਕਿ ਸਾਨੂੰ ਫਿਲਾਣੀ ਜਗਾਹ ਲੈ ਜਾਉ। ਉਹਦੇ ਤੇ ਵੀ ਸਾਨੂੰ ਇਤਬਾਰ ਹੈ ਕਿ ਇਹ ਸਾਨੂੰ ਜਗ੍ਹਾਂ ਤੇ ਪਹੁੰਚਾ ਦੇਵੇਗਾ। ਰਾਹ ਦੇ ਵਿੱਚ ਤੰਗ ਟੁੱਟ ਜਾਦਾ ਹੈ। ਉਹ ਆਪਣੀ ਪੱਗੜੀ ਲਾਹ ਕੇ ਪਾ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਮੈਂ ਸਵਾਰੀ ਨੂੰ ਜ਼ਰੂਰ ਪਹੁੰਚਾਉਣਾ ਹੈ। ਉਸ ਟਾਂਗੇ ਵਾਲੇ ਤੇ ਵੀ ਇੰਨਾ ਭਰੋਸਾ ਕਰਦੇ ਹਾਂ। ਅਸੀਂ ਗੁਰੂ ਦੀ ਸਮਰੱਥਾ ਤੇ ਕਿਉਂ ਨਹੀਂ ਭਰੋਸਾ ਕਰਦੇ ? ਜਿਹੜਾ ਸਾਡੇ ਅੰਤਰ ਦੇ ਵਿੱਚ ਬੈਠਾ ਹੈ ਔਰ ਫਿਰ ਉਸ ਦੀ ਗ਼ਰਜ ਬੜੀ ਵੱਡੀ ਹੈ। ਕਹਿੰਦੇ ਹਨ ਕਿ ਉਸ ਦੀ ਗ਼ਰਜ ਬੜੀ ਵੱਡੀ ਹੈ। ਕਹਿੰਦੇ ਹਨ, ਉਹ ਤੇ ਤੁਹਾਨੂੰ ਲੈਣ ਵਾਸਤੇ ਆਇਆ ਹੈ। ਉਸ ਦੀ ਦੁਨੀਆਂ ਦੇ ਵਿੱਚ ਹੋਰ ਕੋਈ ਗ਼ਰਜ ਨਹੀਂ। ਉਹ ਖ਼ਾਲੀ ਇਸ ਵਾਸਤੇ ਆਇਆ ਕਿ ਮੈਂ ਆਪਣੇ ਬੱਚੇ ਨੂੰ ਲੈ ਕੇ ਜਾਵਾਂਗਾ। ਬਾਹਰ ਤੇ ਉਸ ਦੇ ਰੇਸ਼ਮੀ ਹੱਥ ਹਨ ਪਰ ਅੰਤਰ ਦੇ ਵਿੱਚ ਉਸ ਦੇ ਸਟੀਲ ਦੇ ਹੱਥ ਹੈ। ਗੁਰੂ ਜਦ ਪਕੜ ਲੈਂਦਾ ਹੈ, ਛੱਡਦਾ ਨਹੀਂ ਹੈ।

I shall never leave thee nor for sake the till the end of the world.

ਉਹ ਛੱਡੇਗਾ ਨਹੀਂ। ਦੁਨੀਆਂ ਦੇ ਬਿਜਨੈਸ ਕਰ ਲਉ, ਦੂਸਰੇ ਕਰ ਲਉ। ਜਦ ਉਹਦੇ ਨਾਲ ਵਿਵਹਾਰ ਕਰੋਗੇ, ਉਹਦਾ ਵਿਵਹਾਰ ਬੜਾ ਪੱਕਾ ਹੈ। ਕਹਿੰਦੇ :-

**ਨਾਨਕ ਨਦਰੀ ਨਦਰਿ ਨਿਹਾਲ॥**

ਮਹਾਰਾਜ ਸੰਤ ਕਿਰਪਾਲ ਸਿੰਘ ਜੀ ਨੂੰ ਇੱਕ ਬਾਰ ਪੁੱਛਿਆ ਕਿ ਅਸੀਂ ਤੇ ਭਜਨ ਸਿਮਰਨ ਨਹੀਂ ਕਰ ਸਕਦੇ। ਅਸੀਂ ਦੁਨੀਆਂਦਾਰ ਬੰਦੇ ਹਾਂ। ਅਸੀਂ ਪਾਪੀ ਆਦਮੀ ਹਾਂ। ਸਭ ਕੁਛ ਸੁਣਦੇ ਰਹੇ। ਮਹਾਰਾਜ ਕਹਿੰਦੇ ਜਿਸ ਦੇ ਨਾਲ ਅੱਖਾਂ ਚਾਰ ਹੋ ਗਈਆਂ, ਉਹ ਕਿੱਥੇ ਜਾਵੇਗਾ ? ਮੈਂ ਤੁਹਾਨੂੰ ਕਈ ਬਾਰ ਅਰਜ ਕੀਤੀ ਹੈ ਕਿ ਕਈ ਉਹੋ ਜਿਹੇ ਲੋਕ ਸਨ, ਜਿਹਨਾਂ ਦੀ ਇੱਕ ਬਾਰ ਅੱਖ ਮਿਲੀ। ਅਖੀਰਲੇ ਸਮੇਂ ਕਹਿੰਦੇ ਕਿ ਮਹਾਰਾਜ ਸੰਤ ਕਿਰਪਾਲ ਸਿੰਘ ਜੀ ਅੰਤਰ ਦੇ ਵਿੱਚ ਆ ਗਏ ਹਨ। ਕਹਿੰਦੇ ਜਿਹੜੇ ਫਿਲਾਣੀ ਜਗਾਹ ਮਿਲੇ ਸੀ, ਉਹ ਆ ਗਏ ਹਨ। ਗੁਰੂ ਨਹੀਂ ਛੱਡਦਾ ਬਈ। ਕਹਿੰਦੇ ਉਹਦਾ ਪਿਆਰ ਹੋਵੇ, ਮਿੱਠੀ-ਮਿੱਠੀ ਯਾਦ ਹੋਵੇ। ਉਹ ਕਿੱਥੇ ਜਾਵੇਗਾ ? ਕਹਿੰਦੇ ਜਿਸ ਨੂੰ ਤੁਸੀਂ ਯਾਦ ਕਰੋਗੇ, ਉਹ ਨਹੀਂ ਕਰੇਗਾ ? ਜੇ ਇੱਥੇ ਟਿੱਕ-ਟਿੱਕ ਹੁੰਦੀ ਹੈ, ਉੱਥੇ ਵੀ ਹੋਵੇਗੀ। ਖ਼ਿਆਲਾਤ ਦਾ ਅਸਰ ਬੜਾ ਜ਼ਬਰਦਸਤ ਹੁੰਦਾ ਹੈ ਬਈ। ਕਹਿੰਦੇ ਫਿਰ ਤਵੱਜੋ ਨੂੰ ਬਦਲੋ ਬਈ। Angle of vision ਬਦਲੋ, ਨਜ਼ਰੀਆ ਬਦਲੋ। ਜੇ ਨਜ਼ਰੀਆ ਬਦਲੋਗੇ, ਅੰਦਰ Ruling passion ਪੈਦਾ ਹੋਵੇਗੀ। ਤੀਬਰ ਇੱਛਾ ਪੈਦਾ ਹੋਵੇਗੀ। ਜਦ ਤੀਬਰ ਇੱਛਾ ਪੈਦਾ ਹੋਵੇਗੀ, ਕਹਿੰਦੇ ਦੁਨੀਆਂ ਦੀਆਂ ਸਾਰੀਆਂ ਚੀਜ਼ਾਂ ਨਫ਼ੀ ਹੋ ਜਾਣਗੀਆਂ। ਉਭਾਰ ਆਏਗਾ ਨਾ ! ਜੇ ਉਭਾਰ ਆਵੇਗਾ, ਫਿਰ ਠੀਕ ਹੈ। ਕਹਿੰਦੇ ਬਈ ਪ੍ਰਭੂ ਪਰਮਾਤਮਾ ਨੂੰ ਕਿਸ ਤਰ੍ਹਾਂ ਪਾ ਸਕਦੇ ਹਾਂ ?

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥**
**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥ ਪੰਨਾ-917**

ਕਹਿੰਦੇ ਪੂਰਬਲੇ ਕਰਮ ਹੁੰਦੇ ਹਨ ਬਈ। ਉਹਨਾਂ ਦੇ ਕਾਰਨ ਕੀ ਚੀਜ਼ ਹੋਵੇਗੀ ਬਈ ? ਕਿਹੜਾ ਪ੍ਰਸ਼ਾਦ ਮਿਲੇਗਾ? ਗੁਰ ਪ੍ਰਸ਼ਾਦ। ਗੁਰ ਪ੍ਰਸ਼ਾਦ ਕੀ ਹੈ ਬਈ :-

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥**

ਉਹਦੀ ਧੁੰਨੀ ਸਹਿਜ ਦੀ ਧੁੰਨੀ ਸੁਣਨ ਵਾਲੇ ਬਣ ਜਾਉਗੇ। ਕਹਿੰਦੇ ਫਿਰ ਇਹ ਕਿਸ ਤਰ੍ਹਾਂ ਹੈ ? ਇੱਕ ਤੇ ਇਹ ਕਿ ਇਹ ਪੂਰਬਲੇ ਕਰਮ ਹਨ। ਕਹਿੰਦੇ ਹੁਣ ਵੀ ਕਰਮ ਬਣ ਸਕਦੇ ਹਨ ? ਜਦ ਬਈ ਉਹਦੇ ਸਤਿਸੰਗ ਦੇ ਵਿੱਚ ਜਾਉਗੇ ਅਤੇ ਬਣੋਗੇ, ਉਹੋ ਹੀ ਤੁਹਾਡੇ ਕਰਮ ਬਣ ਜਾਣਗੇ। ਇਕ ਪ੍ਰੋਫੈਸਰ ਹੈ, ਦੂਸਰਾ ਅਜੇ ਪਹਿਲੀ ਜਮਾਤ ਦੇ ਵਿੱਚ ਪੜ੍ਹਦਾ ਹੈ। ਉਹ ਜਦ ਜਮਾਤ ਪਾਸ ਕਰ ਲਵੇਗਾ, ਉਹ ਵੀ ਪ੍ਰੋਫੈਸਰ ਬਣ ਜਾਵੇਗਾ। ਐਮ.ਏ ਕਰ ਸਕਦਾ ਹੈ।

Every saint has past and every sinner a future.

ਕਦੀ ਮਹਾਂਪੁਰਸ਼ ਸਾਡੇ ਵਰਗੇ ਸਨ। ਅਸੀਂ ਵੀ ਉਹਨਾਂ ਵਰਗੇ ਬਣ ਸਕਦੇ ਹਾਂ। ਇਹ ਉਹਨਾਂ ਦੀ ਤਲੀਮ ਹੈ ਬਈ।

**ਤੁਰਤ ਮਿਲਾਵੇ ਰਾਮ ਸੇ ਉਨਹੇ ਮਿਲੇ ਜੇ ਕੋਇ॥**

ਉਹ ਗਿਆਨ ਦਿੰਦੇ ਬਈ। ਉਹ ਦੂਸਰੀ ਚੀਜ਼ ਤੇ ਯਕੀਨ ਨਹੀਂ ਕਰਦੇ। ਬਨਾਉਟੀ ਚੀਜ਼ ਤੇ ਇਤਬਾਰ ਨਹੀਂ ਕਰਦੇ। ਉਹ ਜੋ ਚੀਜ਼ ਕਹਿਣਗੇ, ਉਹ ਕਰਦੇ ਹਨ। ਸੰਤ ਕਿਰਪਾਲ ਸਿੰਘ ਜੀ ਨੇ ਆਪਣੀ ਜ਼ਿੰਦਗੀ ਦੇ ਵਿੱਚ ਬਹੁਤ ਕੰਮ ਕੀਤਾ ਹੈ। ਅਸੀਂ ਉਹਨਾਂ ਦੀ ਯਾਦ ਦੇ ਵਿੱਚ ਬੈਠੇ ਹਾਂ ਨਾ ! ਹਰ ਇੱਕ ਚੀਜ਼ ਦੇ ਵਿੱਚ ਉਹਨਾਂ ਦਾ ਲਗਾਉ ਆਉਂਦਾ ਹੈ। ਉਹਨਾਂ ਨੇ ਕਿਹੜੀ ਚੀਜ਼ ਤਾਜ਼ਾ ਕੀਤੀ ? ਸਤਿਨਾਮ ਦੀ। ਸਤਿਨਾਮ ਅਨਾਮੀ ਦੀ ਹੈ। ਉਹਨਾਂ ਦੀ ਆਪਣੀ ਕੋਈ ਤਲੀਮ ਨਹੀਂ ਸੀ। ਉਹਨਾਂ ਨੇ ਕੋਈ ਮੱਤ ਨਹੀਂ ਬਣਾਇਆ। ਕੋਈ ਮਜ਼ਹਬ ਨਹੀਂ ਬਣਾਇਆ। ਕਹਿੰਦੇ ਆਪੋ ਆਪਣੀ ਸਮਾਜ ਦੇ ਵਿੱਚ ਰਹੋ ਬਈ। ਸਿੱਖ ਹੋ ਤਾਂ ਮਕੰਮਲ ਸਿੱਖ ਰਹੋ। ਹਿੰਦੂ ਹੋ ਤਾਂ ਹਿੰਦੂ ਰਹੋ। ਮੁਸਲਮਾਨ-ਮੁਸਲਮਾਨ ਰਹੋ, ਈਸਾਈ-ਈਸਾਈ ਰਹੋ। ਕਹਿੰਦੇ ਜਦ ਜਿਸਮ ਤੋਂ ਉੱਪਰ ਚੜ੍ਹ ਕੇ ਵੇਖੋਗੇ, ਕਹਿੰਦੇ ਜਦ ਕਿਸੇ ਮੁਸਲਮਾਨ ਨੇ ਉੱਪਰ ਚੜ੍ਹ ਕੇ ਵੇਖਿਆ, ਉਹ ਕਹਿੰਦੇ ਚਰਾਗ ਜਗ ਰਿਹਾ ਹੈ। ਹਿੰਦੂ ਕਹਿੰਦੇ ਜਲਦੀ ਕਰੋ। ਦੀਵਾ ਮਨਸਾਉ, ਕਿਤੇ ਬੇਗਤਾ ਨਾ ਮਰ ਜਾਏ ਪਰ ਅੰਦਰ ਦੀਵਾ ਜਗ ਰਿਹਾ ਹੈ ਔਰ ਈਸਾਈ ਕਹਿੰਦੇ ਹਨ ਕਿ ਅੰਦਰ ਕੈਂਡਲ ਜਗ ਰਹੀ ਹੈ। ਸਿੱਖ ਕਹਿੰਦੇ ਹਨ ਕਿ ਅੰਦਰ ਜੋਤ ਜੱਗ ਰਹੀ ਹੈ। ਕਹਿੰਦੇ ਉਸ ਜੋਤ, ਚਰਾਗ, ਦੀਵਾ, ਕੈਂਡਲ ਇਹ ਤੇ ਬਾਹਰੀ ਨਾਂ ਹਨ। ਜਿਸ ਤਰ੍ਹਾਂ ਪਾਣੀ ਦੇ ਨਾਂ ਅਲਾਹਿਦਾ-ਅਲਾਹਿਦਾ ਹਨ। ਅਕਵਾ ਹੈ, ਵਾਟਰ ਹੈ, ਜਲ ਹੈ, ਨੀਰ ਹੈ, ਆਬ ਹੈ ਲੇਕਿਨ ਪੀਣ ਦਾ ਤੇ ਇੱਕੋ ਤਰੀਕਾ ਹੈ। ਇੱਕੋ ਪਾਣੀ ਹੈ। ਕਿਤੇ ਦੁਨੀਆਂ ਦੇ ਵਿੱਚ ਚਲੇ ਜਾਉ, ਉਹੋ ਪਾਣੀ ਤੁਹਾਨੂੰ ਪੀਣ ਨੂੰ ਮਿਲੇਗਾ। ਅੰਦਰ ਇੱਕੋ ਚੀਜ਼ ਹੈ। ਮੁਸਲਮਾਨ ਜਾਵੇ, ਹਿੰਦੂ ਜਾਵੇ, ਸਿੱਖ ਜਾਵੇ, ਉਹਨਾਂ ਸਾਰਿਆਂ ਦਾ ਇੱਕੋ ਹੈ।

**ਦੇਖੇ ਕਾ ਮੱਤ ਏਕ॥**

ਗੁਰੂ ਅਰਜਨ ਦੇਵ ਜੀ ਮਹਾਰਾਜ, ਛੱਜੂ ਭਗਤ, ਹਜ਼ਰਤ ਮੀਆ ਮੀਰ ਇਹ ਸਾਰੇ ਅੰਤਰ ਜਾਣ ਵਾਲੇ ਸਨ। ਉਹ ਚੀਜ਼ ਨੂੰ ਵੇਖਦੇ ਸਨ। ਕਿੰਨੇ ਦੋਸਤ ਸਨ ? ਕਿੰਨੇ ਮਿੱਤਰ ਸਨ ? ਮਹਾਰਾਜ ਜੀ ਮਿਸਾਲ ਦਿੰਦੇ ਸਨ। ਚਾਰ ਸ਼ਰਾਬੀ ਰਲ ਕੇ ਸ਼ਰਾਬ ਪੀਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਦੁਨੀਆਂ ਹੈ ਹੀ ਨਹੀਂ। ਨਸ਼ਾ ਹੈ ਨਾ ! ਭੁੱਲ ਹੀ ਜਾਂਦੇ ਹਨ। ਉਹ ਕਹਿੰਦੇ ਘਰ ਛੱਡੋ ਬਈ, ਭੁੱਲ ਜਾਂਦੇ ਹਨ ਦੁਨੀਆਂ। ਚਾਰ ਰੱਬ ਦੇ ਨਾਮ ਲੇਵਾ ਬੈਠ ਨਹੀਂ ਸਕਦੇ। ਉਹਦਾ ਕਾਰਨ ਕੀ ਹੈ ? ਉਹਨਾਂ ਨੂੰ ਨਸ਼ਾ ਨਹੀਂ ਮਿਲਿਆ। ਮੁਆਫ ਕਰਨਾ। ਜੇ ਨਸ਼ਾ ਮਿਲਿਆ ਹੋਵੇ, ਫਿਰ ਤਕਲੀਫ਼ ਕੀ ਹੈ ? ਵੇਖੋ ਕਿੰਨੇ ਮਹਾਂਪੁਰਸ਼ ਸਨ ? ਉਹਨਾਂ ਦਾ ਕਿੰਨਾ ਪਿਆਰ ਸੀ ਆਪਸ ਵਿੱਚ ? ਗੁਰੂ ਅਰਜਨ ਸਾਹਿਬ ਨੇ ਸਾਰਿਆਂ ਮਹਾਂਪੁਰਸ਼ਾਂ ਨੂੰ ਇੱਕ ਸਟੇਜ ਤੇ ਇਕੱਠਾ ਕਰਕੇ ਕਿੰਨਾ ਪਿਆਰ ਕੀਤਾ ? ਉਹਨਾਂ ਦੀ ਤਲੀਮ ਨੂੰ ਲੈ ਕੇ ਛਾਤੀ ਦੇ ਨਾਲ ਲਾਇਆ। ਛਾਤੀ ਦੇ ਨਾਲ ਲੱਗੇ ਹਨ। ਬਈ ਅੱਜ ਲੋਕ ਛਾਤੀ ਦੇ ਨਾਲ ਲਾ ਰਹੇ ਹਨ। ਇਹ ਤਲੀਮ ਹੈ ਬਈ। ਇਹ ਅੰਤਰ ਦੀ ਤਲੀਮ ਹੈ। ਜਿਹੜੀ ਅੰਤਰ ਦੀ ਤਲੀਮ ਨਹੀਂ ਹੈ, ਉਹ ਅੱਜ ਵੀ ਗਲਤ ਹੈ, ਕੱਲ੍ਹ ਵੀ ਗ਼ਲਤ ਹੈ, ਪਰਸੋ ਵੀ ਗ਼ਲਤ ਹੈ। ਤਲੀਮ ਅੰਤਰ ਦੀ ਹੈ। ਅੰਤਰਮੁੱਖ ਹੋ ਬਈ। ਤਲੀਮ ਨੂੰ ਸਮਝੋ, ਤਲੀਮ ਸਮਝਣ ਦੇ ਨਾਲ ਸਾਰੀਆਂ ਚੀਜ਼ਾਂ ਮਿਲਣਗੀਆਂ।

ਕਹਿੰਦੇ ਸਕੰਦਰ ਬਾਦਸ਼ਾਹ ਦੇ ਦਿਲ ਦੇ ਵਿੱਚ ਬੜੀ ਹਉਮੈ ਸੀ। ਕਹਿੰਦਾ ਸਾਰੀ ਦੁਨੀਆਂ ਨੂੰ ਫਤਿਹ ਕਰ ਲੈਣਾ ਹੈ। ਦੁਨੀਆਂ ਦੀ ਸਾਰੀ ਦੌਲਤ ਇਕੱਠੀ ਕਰ ਲੈਣੀ ਹੈ। ਉਹਦਾ ਗੁਰੂ ਖਿਵਾਜ਼ਾ ਖਿਜ਼ਰ ਸੀ, ਖਿਵਾਜਾ ਖਿਜ਼ਰ। ਉਸ ਨੇ ਕਿਹਾ ਕਿ ਇਸ ਨੇ ਬੜਾ ਪਾਪ ਕਰਨਾ ਹੈ। ਇਹਦੇ ਕਰਮ ਬਹੁਤ ਭੈੜੇ ਬਣ ਜਾਣੇ ਹਨ, ਇਹ ਨਰਕਾਂ ਦੇ ਵਿੱਚ ਜਾਵੇਗਾ। ਇਹ ਕਰੇਗਾ, ਵੋਹ ਕਰੇਗਾ। ਆਖਰ ਉਸ ਨੇ ਬੜਾ ਸਮਝਾਇਆ ਪਰ ਉਸ ਦੀ ਸਮਝ ਦੇ ਵਿੱਚ ਨਹੀਂ ਆਇਆ। ਕੀ ਸੀ ? ਉਹਦੇ ਅੰਦਰ ਬੜੀ ਤੀਬਰ ਇੱਛਾ (Ruling passion) ਸੀ ਕਿ ਮੈਂ ਦੁਨੀਆਂ ਤੇ ਕਾਬਜ ਹੋ ਜਾਵਾਂ। ਕਹਿੰਦੇ ਹਨ ਕਿ ਉਸ ਨੇ ਬੜੀ ਕੋਸ਼ਿਸ਼ ਕੀਤੀ। ਕਹਿੰਦੇ ਉਸ ਨੂੰ Forcibly attention ਦੇ ਕੇ ਉਸ ਦੀ ਰੂਹ ਨੂੰ ਉੱਪਰ ਲਿਆਂਦਾ। ਇਸ ਜਗ੍ਹਾ ਮੱਥੇ ਤੇ, ਦੋ ਅੱਖਾਂ ਦੇ ਦਰਮਿਆਨ ਲੈ ਆਂਦਾ। ਕਹਿੰਦੇ ਅੱਗੇ ਹਨੇਰਾ ਸੀ, ਸਕੰਦਰ ਬਾਦਸ਼ਾਹ ਆਬਿਹਿਆਤ ਪੀ ਨਹੀਂ ਸਕਿਆ। ਹਨੇਰੇ ਦੇ ਵਿੱਚ ਰਿਹਾ। ਹਨੇਰੇ ਦੇ ਵਿੱਚ ਪੀ ਨਹੀਂ ਸੀ ਸਕਦਾ। ਕਹਿੰਦੇ ਅਸੀਂ ਅੱਖਾਂ ਬੰਦ ਕਰਦੇ ਹਾਂ, ਅੰਦਰ ਹਨੇਰਾ ਹੈ। ਕਹਿੰਦੇ ਜਦ ਗੁਰੂ ਦੀ ਹਦਾਇਤ ਦੇ ਮੁਤਾਬਿਕ ਚੱਲੋਗੇ, ਜੇ ਉਸ ਬਾਣੀ ਨੂੰ, ਉਸ ਟੀਚਿੰਗ ਨੂੰ Accept (ਧਾਰਣ) ਕਰ ਲਓਗੇ, ਗੁਰੂ ਰਸਤਾ ਖੋਹਲ ਦੇਵੇਗਾ। ਸੋ ਬਈ ਪਹਿਲੇ ਕੀ ਬਣਨਾ ਚਾਹੀਦਾ ਹੈ ? ਇਨਸਾਨ ਦਾ ਬਣਨਾ ਬੜਾ ਜ਼ਰੂਰੀ ਹੈ। ਜੇ ਇਨਸਾਨ ਬਣ ਜਾਵੇਗਾ, ਉਹ ਚੀਜ਼ ਮਿਲ ਜਾਵੇਗੀ।

**ਗਰ ਤੋ ਦਾਰੀ ਦਰ ਮਿਲੇ ਖੁਦ ਅਜਮ ਰੁਸਤਮ ਸੂਏ ਦੋਸਤ॥**
**ਜਕ ਕਦਮ ਖੁਦ ਦੀਗਰੇ ਕੂਏ ਦੋਸਤ॥**

ਏ ਦੋਸਤ ! ਜੇ ਤੂੰ ਮਸੱਮਮ ਇਰਾਦਾ ਕਰ ਲਿਆ ਹੈ, ਪੱਕਾ ਇਰਾਦਾ ਕਰ ਲਿਆ ਹੈ ਕਿ ਜੇ ਤੈਨੂੰ ਤਲੀਮ ਦੇ ਬਾਰੇ ਸਮਝ ਲੱਗ ਗਈ ਹੈ, ਜੇ ਇਹ ਤੇਰਾ ਆਦਰਸ਼ ਹੈ, ਫਿਰ ਲੇਟ ਕਿਉਂ ਕਰ ਰਿਹਾ ਹੈ ? ਜੇ ਸਵੇਰੇ ਜਾਣਾ ਪੈ ਗਿਆ, ਫਿਰ ਬਈ ਕਿਸ ਹਾਲਤ ਦੇ ਵਿੱਚ ਜਾਉਗੇ ? ਕੋਈ ਨਵੀਂ ਤਲੀਮ ਹੈ, ਚੀਜ਼ ਹੈ ? ਜੋ ਅੱਜ ਹੋ, ਉਹੋ ਹੀ ਕੱਲ੍ਹ ਰਹੋਗੇ ਬਈ। ਇਹ ਹਾਲਤ ਹੈ ਬਈ। ਕਹਿੰਦੇ ਜੇ ਤੂੰ ਪੱਕਾ ਇਰਾਦਾ ਕਰ ਲਿਆ ਹੈ, ਇਕ ਕਦਮ ਆਪਣੇ ਨਫ਼ਸ ਤੇ ਰੱਖ। ਜਿਹੜਾ ਤੂੰ ਦੂਸਰਾ ਕਦਮ ਰੱਖੇਗਾ, ਉਹ ਪ੍ਰਭੂ ਪਰਮਾਤਮਾ ਦੀ ਗਲੀ ਦੇ ਵਿੱਚ ਜਾਵੇਗਾ। ਪ੍ਰਭੂ ਪਰਮਾਤਮਾ ਦੀ ਗਲੀ ਅੰਦਰ ਹੈ। ਪਿਆਰ ਦਾ ਰਸਤਾ ਹੈ। ਬੜਾ ਪਿਆਰ ਦਾ ਰਸਤਾ ਹੈ।

**ਚੱਲਦਾ ਹੈ ………//**

## ਕਿਰਪਾਲ ਸਾਗਰ ਦੇ
# ਸਿਰਜਣਹਾਰ
## ਪਰਮ ਸੰਤ ਡਾ. ਹਰਭਜਨ ਸਿੰਘ ਜੀ ਦੇ
## ਜਨਮ ਦਿਹਾੜੇ ਤੇ ਵਿਸ਼ੇਸ਼


ਪਰਮ ਸੰਤ ਡਾ. ਹਰਭਜਨ ਸਿੰਘ ਜੀ ਮਹਾਰਾਜ

ਕਿਰਪਾਲ ਸਾਗਰ (ਯੂਨਿਟੀ ਆਫ ਮੈਨ) ਸੰਸਥਾ ਦੀ ਉਹ ਕੜੀ ਹੈ, ਜਿਸ ਦੇ ਬਾਨੀ ਡਾ. ਹਰਭਜਨ ਸਿੰਘ ਜੀ ਸਨ। ਆਪ ਸੰਤ ਕ੍ਰਿਪਾਲ ਸਿੰਘ ਦੇ ਨਾਦੀ ਸ਼ਿਸ਼ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਮਾਨਵਤਾ ਦੇ ਲੇਖੇ ਲਾ ਦਿੱਤਾ। 10 ਦਸੰਬਰ 1932 ਨੂੰ ਮਾਤਾ ਅੱਛਰ ਕੌਰ ਦੀ ਕੁੱਖੋਂ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ ਜਨਮੇ ਸੰਤ ਡਾ. ਹਰਭਜਨ ਸਿੰਘ ਜੀ ਬਚਪਨ ਤੋਂ ਹੀ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਇਹ ਕਾਰਜ 1962 ਵਿੱਚ ਸੰਤ ਕ੍ਰਿਪਾਲ ਸਿੰਘ ਦੇ ਮਿਲਾਪ ਤੋਂ ਬਾਅਦ ਪੂਰਾ ਹੋਇਆ।

ਸੰਤ ਕਿਰਪਾਲ ਸਿੰਘ ਜੀ 21 ਅਗਸਤ 1974 ਨੂੰ ਦੇਹ ਦਾ ਓਹਲਾ ਕਰ ਗਏ ਪਰ ਉਸ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਮਿਸ਼ਨ ਬਾਰੇ ਡਾ. ਹਰਭਜਨ ਸਿੰਘ ਜੀ ਅਤੇ ਬੀਜੀ ਸੁਰਿੰਦਰ ਕੌਰ ਜੀ ਨੂੰ ਦੱਸ ਦਿੱਤਾ। ਸੰਤ ਕ੍ਰਿਪਾਲ ਸਿੰਘ ਇੱਕ ਅਜਿਹਾ ਅਦਾਰਾ ਉਸਾਰਨਾ ਚਾਹੁੰਦੇ ਸਨ, ਜੋ ਮਨੁੱਖ ਦੀਆਂ ਅੰਦਰੂਨੀ ਅਤੇ ਬਹਿਰੂਨੀ ਸਭ ਜ਼ਰੂਰਤਾਂ ਨੂੰ ਪੂਰਾ ਕਰ ਸਕੇ।

ਡਾ. ਹਰਭਜਨ ਸਿੰਘ ਜੀ ਨੇ ਅਨੇਕਾਂ ਵਾਰ ਯੂਰਪ ਅਤੇ ਹੋਰ ਮੁਲਕਾਂ ਦੀ ਯਾਤਰਾ ਕੀਤੀ। 1993 ਨੂੰ ਉਨਾਂ ਨੇ ਯੂ.ਐਨ.ਓ. ਦੇ ਸੈਸ਼ਨ (1 ਜੂਨ 1993) ਨੂੰ ਸੰਬੋਧਨ ਕੀਤਾ। ਸੰਨ 1994 ਨੂੰ ਡਾ. ਹਰਭਜਨ ਸਿੰਘ ਜੀ ਨੇ ਕ੍ਰਿਪਾਲ ਸਾਗਰ ਵਿੱਖੇ ਵਿਸ਼ਵ ਮਾਨਵ ਏਕਤਾ ਕਾਨਫਰੰਸ ਕਰਵਾਈ, ਜਿਸ ਵਿੱਚ 42 ਮੁਲਕਾਂ ਦੇ ਡੈਲੀਗੇਟ ਪਧਾਰੇ। ਡਾ. ਹਰਭਜਨ ਸਿੰਘ ਜੀ ਸੰਤ ਕ੍ਰਿਪਾਲ ਸਿੰਘ ਜੀ ਦੇ ਯੂਨਿਟੀ ਆਫ ਮੈਨ ਦੇ ਮਿਸ਼ਨ ਨੂੰ (ਮਨੁੱਖੀ ਏਕਤਾ ਅਤੇ ਆਪਸੀ ਭਾਈਚਾਰੇ, ਇਨਸਾਨ ਦੀ ਪਹਿਚਾਣ ਤੇ ਦੂਸਰਿਆਂ ਦੇ ਕੰਮ ਆਉਣ ਦਾ) ਚਲਾਉਂਦੇ ਰਹੇ।

ਕਿਰਪਾਲ ਸਾਗਰ ਜਿਸ ਵਿੱਚ ਬਿਰਧ ਆਸ਼ਰਮ, ਚੈਰੀਟੇਬਲ ਹਸਪਤਾਲ, ਕਿਰਪਾਲ ਸਾਗਰ ਅਕੈਡਮੀ, ਸਭ ਧਰਮਾਂ ਦਾ ਸਾਂਝਾ ਅਸਥਾਨ ਸਰੋਵਰ, ਡੇਅਰੀ ਫਾਰਮ, ਲੰਗਰ ਘਰ ਅਤੇ ਗੈਸਟ ਹਾਊਸ ਸ਼ਾਮਿਲ ਹੈ। ਕਿਰਪਾਲ ਸਾਗਰ ਦਾ ਅਸਲ ਮੰਤਵ ਇਨਸਾਨ ਨੂੰ ਹਰ ਪੱਖੋਂ ਚੇਤੰਨ ਬਣਾਉਣ ਦਾ ਹੈ। ਕਿਸੇ ਵੀ ਇਨਸਾਨ ਨੂੰ ਜੇਕਰ ਤੁਸੀਂ ਦੇਣਾ ਚਾਹੁੰਦੇ ਹੋ, ਤਦ ਉਸ ਨੂੰ ਚੰਗੇ ਸੰਸਕਾਰ ਦਿਓ ਅਤੇ ਸਰੀਰਕ ਰੂਪ ਵਿੱਚ ਰਿਸ਼ਟ-ਪੁਸ਼ਟ ਰੱਖਣ ਦੀ ਜਾਚ ਦਿਓ। ਇਸ ਨਾਤੇ ਵਿਸ਼ੇਸ਼ ਰੂਪ ਵਿੱਚ ਕਿਰਪਾਲ ਸਾਗਰ ਵਿਖੇ ਔਰਗੈਨਿਕ ਖੇਤੀ ਦਾ ਵਿਸਥਾਰ ਕੀਤਾ ਗਿਆ ਹੈ, ਜਿਸ ਵਿੱਚ ਬਿਨਾਂ ਖਾਦਾਂ ਦੇ ਸਬਜ਼ੀਆਂ ਅਤੇ ਅਨਾਜ ਨੂੰ ਉਗਾਇਆ ਜਾਂਦਾ ਹੈ।

ਸੋ ਆਪਣੇ-ਆਪ ਨੂੰ ਜਾਨਣ ਅਤੇ ਜ਼ਿੰਦਗੀ ਦੀ ਪਹਿਚਾਣ ਲਈ ਸਾਨੂੰ ਪਰਮ ਸੰਤ ਡਾ. ਹਰਭਜਨ ਸਿੰਘ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

**ਸੈਕਟਰੀ :**
**ਡਾ. ਜਸਬੀਰ ਸਿੰਘ ਚਾਵਲਾ**

# ਸਤਿਸੰਗ ਪ੍ਰਵਚਨ



## ਸਤਿਕਾਰਯੋਗ ਬੀਜੀ ਸੁਰਿੰਦਰ ਕੌਰ ਜੀ

**15.11.2009.**

**ਲੜੀ ਜੋੜਨ ਲਈ ਪਿੱਛਲੇ ਮਾਂਹ ਦਾ ਅੰਕ ਵੇਖੋ ਜੀ ...........//**

ਜਦ ਅਸੀਂ ਸਾਰੇ ਉਸ ਅਗੰਮੀ ਦੀ ਯਾਦ ਵਿੱਚ ਬੈਠਾਂਗੇ, ਜੋ ਵੀ ਸਧਰਾਂ ਲੈ ਕੇ ਜਾਵਾਂਗੇ, ਜ਼ਰੂਰ ਪੂਰੀਆਂ ਹੋਣਗੀਆਂ, ਚੱਲਣਾ ਪਵੇਗਾ। ਜਿਵੇਂ ਅਸੀ ਚੱਲ ਰਹੇ ਹਾਂ। ਇਸ ਤੋਂ ਬਾਅਦ ਅਗਲੇ ਪਰੋਗਰਾਮ ਦੇ ਵਿੱਚ ਚੱਲਾਂਗੇ। ਕਿਉਂ ਅਗਲੇ ਪ੍ਰੋਗਰਾਮ ਹਨ। ਇਸ ਤੋਂ ਬਾਅਦ ਦਸੰਬਰ ਵੀ ਸਾਡੇ ਸਿਰ ਤੇ ਆ ਰਿਹਾ ਹੈ। ਅਸੀਂ ਅਜਾਇਬ ਘਰ ਨੂੰ ਚਾਲੂ ਕੀਤਾ ਹੈ।

ਹੋਰ ਹਾਲੇ ਵੇਖਾਂਗੇ। ਪਹਿਲਾਂ ਅਸੀਂ ਇਸ ਨੂੰ ਪਕੜਿਆ ਹੈ। ਹੋਰ ਸਾਰੇ ਪਾਸੇ ਨਵੇਂ ਸਾਰੇ ਕੰਮ ਚਾਲੂ ਹੋ ਰਹੇ ਹਨ, ਜਿਹੜੇ ਮਹਾਰਾਜ ਜੀ ਕਰਵਾਉਣਗੇ। ਜਿਹੜਾ ਮਹਾਰਾਜ ਜੀ ਨੇ ਟਾਇਮ ਨੀਯਤ ਕੀਤਾ ਸੀ, ਪੂਰੇ ਕਰਾਂਗੇ। ਜਿਸ ਤਰ੍ਹਾਂ ਕਰਾਉਂਦਾ ਹੈ, ਕਰੀ ਜਾ ਰਹੇ ਹਾਂ। ਮੈਂ ਹਰ ਭੈਣ ਭਰਾ ਨੂੰ ਇਹੀ ਕਹਾਂਗੀ ਕਿ ਖ਼ੁਸ਼ੀ ਹੈ, ਜੋ ਵੀ ਵਰਕਰ, ਸੇਵਾਦਾਰ ਆਪਣੀ ਪੂਰਨਤਾ ਵਿੱਚ ਕੰਮ ਕਰਦਾ ਹੈ, ਜ਼ਰੂਰ ਜਦ ਵੀ ਸੇਵਾ ਵਿੱਚ ਆ ਜਾਂਦੇ ਹਨ, ਜਦ ਵੀ ਕਿਸੇ ਨੁਕਰ ਵਿੱਚ ਬੈਠ ਕੇ ਅਰਦਾਸ ਕਰੋਗੇ, ਉਹ ਦਰਵਾਜਾ ਖੁੱਲ੍ਹੇਗਾ, ਜ਼ਰੂਰ ਖੁੱਲ੍ਹੇਗਾ, ਪਵਿੱਤਰਤਾ ਰੱਖ ਕੇ।

ਅੱਜ ਅਸੀਂ ਮਹਾਨ ਦਿਨ ਵਿੱਚ ਦਾਖਲ ਹੋ ਰਹੇ ਹਾਂ, ਜੋ ਸੰਤ ਕਿਰਪਾਲ ਸਿੰਘ ਜੀ ਨੇ ਡਾ. ਸਾਹਿਬ ਜੀ ਨੂੰ ਇਸ ਮਿਸ਼ਨ ਦੀ ਦਾਤ ਬਖ਼ਸ਼ੀ ਹੈ। ਉਸ ਸਤਿਸੰਗ ਦੇ ਵਿੱਚ ਦਾਖਲ ਹੋਵੋ, ਜਿਸ ਦੇ ਨਾਲ ਜੀਵਨ ਦੀ ਰੌਸ਼ਨੀ ਪੈਦਾ ਹੋ ਜਾਵੇ। ਅਸੀਂ ਬੜੇ ਗੂੜ ਗਿਆਨ ਸੁਣੇ ਹਨ ਪਰ ਡਾ. ਸਾਹਿਬ ਨੇ ਉਸ ਗੂੜ ਗਿਆਨ ਦੀ ਧਾਰਾ ਖੋਹਲੀ, ਜੋ ਉਸ ਮੁਰਸ਼ਦ ਕੋਲੋਂ ਪ੍ਰਗਟ ਕੀਤਾ ਹੋਇਆ ਸੀ। ਅੱਜ ਪੰਦਰਾਂ ਨਵੰਬਰ ਹੈ। ਪੰਦਰਾਂ ਨਵੰਬਰ ਨੂੰ ਰੂਹਾਨੀ ਮਹਿਫਲ ਸੱਜ ਚੁੱਕੀ ਸੀ। ਅੱਜ ਦੇ ਦਿਨ ਇਸ ਸੰਤ ਸਮਾਗਮ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਡਾ. ਸਾਹਿਬ ਜਿਸ ਪਿੰਡ ਵਿੱਚ ਜਾ ਕੇ ਵੱਸੇ, ਸਾਰੇ ਪਿੰਡ ਨੂੰ ਕੰਬਲ ਵੰਡੇ। 16 ਨਵੰਬਰ ਤੋਂ ਪੰਦਰਾਂ ਨਵੰਬਰ ਨੂੰ ਇਸ ਨੀਂਹ ਨੂੰ ਰੱਖਣ ਵਾਸਤੇ, ਉਹ ਸ੍ਰਿਸ਼ਟੀ ਦਾ ਕਰਤਾ, ਉਹ ਈਸ਼ਵਰ ਉਹ ਕਿਸ ਬੋਲੀ ਨੂੰ ਬੋਲ ਰਿਹਾ ਸੀ ?

ਜਿਸ ਅਵਾਜ਼ ਨੂੰ ਗੁਰੂ ਨਾਨਕ ਦੇਵ ਜੀ ਨੇ ਸੰਗਤ ਦੇ ਵਿੱਚ ਫੁਰਮਾਇਆ। ਕਹਿੰਦੇ ਮੈਂ ਜੋ ਬੋਲ ਰਿਹਾ ਹਾਂ, ਮੈਂ ਦੱਸ ਰਿਹਾ ਹਾਂ ਕਿ ਇਹ ਮੇਰੀ ਅਵਾਜ਼ ਨਹੀਂ ਹੈ। ਇਹ ਮੇਰੀ ਬਾਣੀ ਨਹੀਂ ਹੈ। ਬਾਣੀ ਨੂੰ ਦੱਸਣ ਵਾਸਤੇ ਡਾਕਟਰ ਸਾਹਿਬ ਨੇ ਕਿਹਾ ਸੀ ਕਿ ਉਸ ਦੀ ਬਖਸ਼ਿਸ਼ ਦੇ ਨਾਲ ਅਸੀਂ ਸੱਜੇ ਹੋਏ ਹਾਂ। ਹਜ਼ੂਰ ਮੈਂ ਬਾਸੀ ਖ਼ੁਰਾਕ ਨਹੀਂ ਲਵਾਂਗਾ। ਤਾਜ਼ੀ ਖ਼ੁਰਾਕ ਨੂੰ ਜੋ ਦਿਨ ਚੜ੍ਹਨਾ ਹੈ, ਉਸ ਦੇ ਬਾਰੇ ਪਤਾ ਚੱਲ ਜਾਵੇ ਕਿ ਅੱਜ ਕੀ ਚੱਲ ਰਿਹਾ ਹੈ ?

ਕਹਿੰਦੇ ਹਜ਼ੂਰ ਉਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਉਹ ਸ਼ੋਭਾ ਦੱਸੀ ਕਿ ਉਹਨਾਂ ਦਾ ਟਾਇਮ ਚੱਲ ਰਿਹਾ ਹੈ। ਕਹਿੰਦੇ ਗੁਰੂ ਦੀ ਵਡਿਆਈ ਕਹਿੰਦੇ, ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ ਤੁਸੀਂ ਇਸ ਪਿੰਡ ਵਿੱਚ ਜੋ ਸ਼ਹਿਰ ਦੇ ਲੋਕ ਹਨ, ਉਹ ਤੇ ਮੈਨੂੰ ਵੇਖ ਲੈਣ, ਮੇਰੇ ਸਰੂਪ ਦੇ ਦਰਸ਼ਨ ਕਰ ਲਵੋਗੇ, ਜੋ ਲੋਕ ਬੜੇ ਦੂਰ ਬੈਠੇ ਹੋਏ ਹਨ, ਉਹ ਮੇਰੇ ਸਰੀਰ ਨੂੰ ਕਿਸ ਤਰ੍ਹਾਂ ਵੇਖਣਗੇ ? ਕਹਿੰਦੇ ਉਹਨਾਂ ਨੇ ਸਾਨੂੰ ਕਿਸ ਨਾਲ ਜੋੜਿਆ ਹੈ ? ਸ਼ਬਦ ਦੀ ਧਾਰਾ ਦੇ ਨਾਲ ਕਿ ਤੁਹਾਡਾ ਗੁਰੂ ਹੈ। ਤੁਹਾਡਾ ਗੁਰੂ ਸਰੀਰ ਨਹੀਂ ਹੈ। ਕਹਿੰਦੇ ਜਿਸ ਸਰੀਰ ਦੇ ਵਿੱਚ ਹੈ। ਇਹ ਸਰੀਰ ਪ੍ਰਭੂ ਪਰਮਾਤਮਾ ਨੂੰ ਪਾਉਣ ਵਾਸਤੇ ਮਿਲਿਆ ਹੈ।

ਕਹਿੰਦੇ, ਜਿਸ ਨੇ ਇਸ ਨੂੰ ਪਾਇਆ ਹੈ, ਅੱਜ ਉਹਨਾਂ ਮਹਾਨ ਹਸਤੀਆਂ ਦਾ ਅਖਾੜਾ ਕਿਉਂ ਲੱਗਾ ਹੈ ? ਮੁਰਸ਼ਦ ਦਾ ਖ਼ਜ਼ਾਨਾ ਕਿਸ ਤਰ੍ਹਾਂ ਖੁੱਲ੍ਹਿਆ ਹੈ ? ਇਹ ਸਾਡੇ ਜੀਵਨ ਨੂੰ ਖ਼ੁਰਾਕ ਦੇਣ ਵਾਸਤੇ ਹੈ। ਉਸ ਟਾਇਮ ਤੇ ਹਜ਼ੂਰ ਨੇ ਕਿਹਾ, ਜਦ ਇਹ ਸ਼ਬਦ ਕਹਿ ਰਹੇ ਸਨ, ਇਹ ਮੇਰੀ ਅਵਾਜ਼ ਨਹੀਂ ਹੈ। ਕਹਿੰਦੇ ਕਿ ਕੁਛ ਵੀ ਮੇਰਾ ਨਹੀਂ ਹੈ। ਜਦ ਮੇਰੀ ਆਤਮਾ ਪ੍ਰਭੂ ਪਰਮਾਤਮਾ ਦੇ ਨਾਲ ਜੁੱੜ ਜਾਂਦੀ ਹੈ, ਉਸ ਵਿੱਚ ਲੀਨ ਹੋ ਜਾਂਦੀ ਹੈ। ਕਹਿੰਦੇ ਉਹ ਜੋ ਬੋਲਦਾ ਹੈ, ਉਹ ਤੁਹਾਡੇ ਸਾਹਮਣੇ ਆ ਜਾਂਦਾ ਹੈ। ਇਸ ਵਾਸਤੇ ਇਹ ਬਾਣੀ ਨਹੀਂ ਹੈ। ਇਹ ਗੁਰਦੇਵ, ਮੁਰਸ਼ਦ ਦੀ ਜੋ ਅਵਾਜ਼ ਹੈ, ਉਸ ਦੀ ਧਾਰਾ ਬਹਿ ਰਹੀ ਹੈ। ਕਹਿੰਦੇ ਅੱਜ ਅਸੀਂ ਬਿਰਧ ਆਸ਼ਰਮ ਦੇ ਬਜ਼ੁਰਗ ਬਣ ਗਏ ਹਾਂ। ਕਿਸ ਤਰ੍ਹਾਂ ਭੀਲਨੀ ਦਾ ? ਕਿਸ ਤਰ੍ਹਾਂ ਮੁਕਤ ਕੀਤਾ ? ਕਿਸ ਤਰ੍ਹਾਂ ਉਹਨਾਂ ਨੇ ਘਰੋਂ ਸੇਵਾ ਕੀਤੀ। ਆਪਾਂ ਨੂੰ ਬਣਨਾ ਪਵੇਗਾ। ਉਹ ਇੱਕ ਭਗਤਨ ਸੀ। ਅੰਤਰ ਸੁਣਨ ਵਾਲੀ ਸੀ। ਸੇਵਾ ਭਾਵ ਸੀ।

ਕਹਿੰਦੇ ਜਦ ਜੰਗਲ ਦੇ ਵਿੱਚ ਰਾਮ ਜੀ ਆਏ। ਉਹਨਾਂ ਨੇ ਵੇਖਿਆ ਕਿ ਉਸ ਦੀ ਸ਼ਰਧਾ ਬਾਕੀ ਹੈ। ਕਹਿੰਦੇ ਉਸ ਸਮੇਂ ਉਸ ਦੀ ਸ਼ਰਧਾ ਵੇਖ ਕੇ ਕਿਹਾ, ਉਸ ਭਗਵਾਨ ਨੇ ਉਸ ਦੇ ਅੰਦਰ ਦੀ ਧਾਰਾ ਨੂੰ ਵੇਖ ਕੇ ਕਿਹਾ, ਉਹ ਮਾਲਕ ਤੇਰੇ ਪਾਸ ਜ਼ਰੂਰ ਆਵੇਗਾ। ਉਹ ਉਸ ਦੀ ਉਡੀਕ ਦੇ ਵਿੱਚ ਸੀ। ਉਸ ਦੀ ਯਾਦ ਦੇ ਵਿੱਚ ਸਾਰੇ ਜੰਗਲ ਦੇ ਫ਼ਲ ਇਕੱਠੇ ਕਰਦੀ ਸੀ ਅਤੇ ਸਾਰੇ ਫ਼ਲਾਂ ਨੂੰ ਚੱਖਦੀ ਸੀ, ਕਿਤੇ ਕੋਈ ਖੱਟਾ ਤੇ ਨਹੀਂ ਕਿਉਂਕਿ ਮੇਰੇ ਮੁਰਸ਼ਦ ਨੇ ਆਉਣਾ ਹੈ। ਕਹਿੰਦੇ ਮੁਰਸ਼ਦ ਵਾਸਤੇ ਪਿਆਰ ਸੀ।

ਸੰਤ ਕਿਰਪਾਲ ਸਿੰਘ ਜੀ ਮਹਾਰਾਜ ਨੇ ਕਿਹਾ ਹੈ ਕਿ ਗਾਉਣਾ ਬੜਾ ਸੌਖਾ ਹੈ। ਕਹਿੰਦੇ ਚਿੱਚੜ ਦੀ ਕੀ ਖ਼ੁਰਾਕ ਹੈ? ਕਹਿੰਦੇ ਚਿੱਚੜ ਖ਼ੂਨ ਪੀਂਦਾ ਹੈ। ਉਹ ਖ਼ੂਨ ਤੋਂ ਖ਼ਰਾਕ ਪੀ ਰਿਹਾ ਹੈ। ਕਹਿੰਦੇ ਮਨਮੁੱਖ ਸੰਸਾਰੀ ਰਸਾਂ ਕਸਾਂ ਦੇ ਵਿੱਚ ਗਵਾਚਿਆਂ ਹੋਇਆ ਹੈ। ਅਸੀਂ ਸੰਸਾਰੀ ਰਸਾਂ ਦੇ ਸੁਆਦ ਲੈ ਰਹੇ ਹਾਂ। ਉਸ ਦੇ ਵਿੱਚ ਲੰਪਟ ਹੋ ਰਹੇ ਹਾਂ। ਕਹਿੰਦੇ ਮਹਾਂਪੁਰਸ਼ਾਂ ਦੀ ਆਤਮਾ ਪਰਮਾਤਮਾ ਦੇ ਵਿੱਚ ਲੀਨ ਹੋ ਜਾਂਦੀ ਹੈ। ਕਹਿੰਦੇ ਉਹ ਭੰਡਾਰ ਦੇ ਖ਼ਜ਼ਾਨੇ ਨੂੰ ਖੋਹਲ ਦਿੰਦਾ ਹੈ। ਕਹਿੰਦੇ ਮਹਾਂ ਰਸ ਹਰੀ ਦਾ ਰਸ, ਜਿੱਥੇ ਸੰਤ ਸਮਾਗਮ ਸੰਤ ਦੀ ਬਾਰਸ਼ ਲੱਗ ਜਾਂਦੀ ਹੈ। ਉੱਥੇ ਹਰੀ ਰਸ ਵਹਿੰਦਾ ਹੈ ਅਤੇ ਹਰੀ ਰਸ ਧਾਰਾ ਵਗ ਰਹੀ ਹੈ। ਸਾਨੂੰ ਪਰਮਾਤਮਾ ਦੇ ਨਾਲ ਜੋੜਨ ਦੇ ਵਾਸਤੇ ਹੈ। ਸਤਿਸੰਗ ਕਿਸ ਤਰ੍ਹਾਂ ਹੈ ? ਜਿਸ ਤਰ੍ਹਾਂ ਬਾਰਸ਼ ਦੇ ਵਾਸਤੇ ਬੱਦਲ ਆਉਂਦੇ ਹਨ। ਬੱਦਲ ਆ ਕੇ ਵਰ ਕੇ ਅਲੋਪ ਹੋ ਜਾਂਦੇ ਹਨ ਅਤੇ ਅਕਾਸ਼ ਸਾਫ਼ ਹੋ ਜਾਂਦਾ ਹੈ।

ਸੰਤ ਸਾਨੂੰ ਕਰਾਹੇ ਪਿਆ ਨੂੰ ਰਸਤੇ ਤੇ ਪਾਉਣ ਵਾਸਤੇ ਆਉਂਦੇ ਹਨ। ਜਦ ਅਸੀਂ ਉਸ ਲਈਨ ਤੇ ਚੜ੍ਹ ਜਾਂਦੇ ਹਾਂ। ਉਹ ਜੋਤੀ ਜੋਤ ਸਮਾ ਕੇ ਅਲੋਪ ਹੋ ਜਾਂਦੇ ਹਨ। ਕਹਿੰਦੇ ਸਤਿਸੰਗ ਦੇ ਵਿੱਚ ਸੰਤ ਸਮਾਗਮ ਦੇ ਵਿੱਚ ਖ਼ਜ਼ਾਨੇ ਦਾ ਹਰੀ ਰਸ ਵਹਿੰਦਾ ਹੈ। ਇਹ ਸਹਿਜ ਆਸਣ ਹੈ, ਪੱਕਾ ਆਸਣ ਹੈ।

ਕਹਿੰਦੇ, ਜਿੱਥੇ ਹਰੀ ਦੀ ਪੂਜਾ ਹੋ ਰਹੀ ਹੈ। ਉਹ ਕਰਤਾਰ, ਈਸ਼ਵਰ ਦੀ ਜਗਾਹ ਹੈ। ਹਜ਼ੂਰ ਨੇ ਗੁਰੂ ਅਰਜਨ ਦੇਵ ਜੀ ਦੀ ਕਿਉਂ ਮਿਸਾਲ ਦਿੱਤੀ ਹੈ ? ਕਹਿੰਦੇ ਜੋ ਸਰੀਰ ਚੱਲਦਾ ਫਿਰਦਾ ਵੇਖ ਰਹੇ ਹੋ, ਜਿਸ ਸਰੂਪ ਨੂੰ ਵੇਖ ਕੇ ਖ਼ੁਸ਼ ਹੋ ਰਹੇ ਹੋ। ਕਹਿੰਦੇ, ਇਹ ਵੀ ਅਲੋਪ ਹੋ ਜਾਣਾ ਹੈ। ਸੂਰਜ ਗਰੁਪ ਹੋ ਜਾਣਾ ਹੈ। ਕਹਿੰਦੇ ਉਸ ਦਾ ਆਦਰਸ਼ ਸ਼ਬਦ ਗੁਰੂ ਹੈ। ਤੁਸੀਂ ਸ਼ਬਦ ਧਾਰਾ ਦੇ ਨਾਲ ਜੁੜ ਕੇ, ਉਸ ਪ੍ਰੀਤਮ ਦੇ ਵਿੱਚ ਸਮਾ ਜਾਉਗੇ। ਸੰਤ-ਸੰਤ ਬਣਾਉਣ ਵਾਸਤੇ ਆਉਂਦੇ ਹਨ। ਬਾਦਸ਼ਾਹ ਕਦੀ ਨਹੀਂ ਕਹਿੰਦਾ ਕਿ ਮੇਰਾ ਬੇਟਾ ਵਜ਼ੀਰ ਬਣੇ। ਉਹ ਸੰਤ ਹਰ ਮਹਿਫਲ ਦੇ ਵਿੱਚ ਇੱਕ ਧਾਰਾ ਦੇ ਨਾਲ ਇੱਕ ਅੱਖ ਦੀ ਪੁਤਲੀ ਦੇ ਮੀਂਹ ਵਰਸਾ ਜਾਂਦੇ ਹਨ। ਮੈਂ ਜੋ ਮੁਰਸ਼ਦ ਦੇ ਮੂੰਹ ਦੇ ਵਿੱਚੋਂ ਸ਼ਬਦ ਸੁਣੇ, ਕਹਿੰਦੇ ਕਿ ਉਹ ਸਚਿਖੰਡ ਦੀ ਪਾਉੜੀ ਤੇ ਚੜ੍ਹ ਚੁੱਕੇ ਸਨ। ਕਹਿੰਦੇ ਕਿ ਉਹ ਕਮਲ ਦਾ ਫੁੱਲ ਮਹਿਕਦਾ ਸੀ। ਉਹ ਆਤਮਾ ਈਸ਼ਵਰ ਦੇ ਵਿੱਚ ਸਮਾ ਚੁੱਕੀ ਸੀ ਪਰ ਸਰੀਰਕ ਤੌਰ ਤੇ ਸਾਡੇ ਕੋਲ ਸੀ। ਮੇਰੇ ਨਾਲ ਵੀ ਉਹ ਟਾਇਮ ਬੀਤਿਆ। ਮੈਂ ਜਦ ਜੈ ਪੁਰ ਤੋਂ ਸਰੋਵਰ ਵਾਸਤੇ ਮਾਰਬਲ ਲਿਆਦੇ ਤਾਂ ਡਾ. ਸਾਹਿਬ ਨੇ ਟਰੱਕਾਂ ਦੇ ਟਰੱਕ ਮੰਗਵਾ ਲਏ। ਮੈਂ ਕਿਹਾ ਕਿ ਇਹ ਕਿਉਂ ਹੈ ?

ਕਹਿੰਦੇ ਕਿ ਕਦੀ ਮੁਸ਼ਕਲ ਨਾ ਆਵੇਗੀ। ਕਹਿੰਦੇ ਕਾਲੀ ਹਨੇਰੀ ਬੜੀ ਚੜ੍ਹੀ ਹੋਈ ਹੈ। ਕਿਸੇ ਵਕਤ ਦੇਰ ਦੇ ਨਾਲ ਰੋਸ਼ਨੀ ਆਵੇਗੀ। ਤੁਹਾਡਾ ਕੰਮ ਚੱਲਦਾ ਰਹੇਗਾ। ਕਹਿੰਦੇ ਕਿਉਂ ? ਉਸ ਸਮੇਂ ਹਜ਼ੂਰ ਨੇ ਕੁਛ ਸ਼ਬਦ ਕਹੇ ਹੋਏ ਸਨ। ਕਹਿੰਦੇ ਕਿ ਇਹ ਸਰੀਰ ਹਰਿਮੰਦਰ ਹੈ। ਇਹ ਸਰੋਵਰ ਹੈ, ਇਹ ਇੱਕ ਗੁਰਦੁਵਾਰਾ ਹੈ। ਇਹ ਇੱਕ ਕੇਂਦਰ ਹੈ, ਸ਼ਾਂਤੀ ਦਾ ਭੰਡਾਰ ਹੈ। ਕਹਿੰਦੇ ਜਿਸ ਵਿੱਚ ਕਮਲ ਦਾ ਫੁੱਲ ਖਿੜਿਆ ਹੋਇਆ ਹੈ। ਉਹ ਮਹਿਕਾ ਮਾਰ ਰਿਹਾ ਹੈ। ਕਹਿੰਦੇ ਉਹ ਕਮਲ ਦਾ ਫੁੱਲ ਕੀ ਹੈ ? ਉਹਨਾਂ ਨੇ ਇਸ ਸਰੀਰ ਦੇ ਉੱਤੇ ਇਸ ਵਿੱਚ ਹਰਿਮੰਦਰ ਹੈ। ਇਹ ਗੁਰਦਵਾਰੇ, ਇਹ ਭਵਨ ਸਾਡੇ ਹੱਥਾਂ ਦੇ ਨਾਲ ਤਿਆਰ ਹੋਏ ਹਨ। ਕਹਿੰਦੇ ਉਸ ਮੁਰਸ਼ਦ ਨੇ ਇਸ ਸਰੋਵਰ, ਹਰਿਮੰਦਰ ਨੂੰ ਪ੍ਰਮਾਤਮਾ ਨਾਲ ਜੋੜ ਕੇ ਬਣਾਇਆ ਹੈ, ਜਿਸ ਵਿੱਚ ਕਮਲ ਦਾ ਫੁਲ ਖਿੜਿਆ ਹੋਇਆ ਹੈ। ਮਹਿਕਾਂ ਮਾਰ ਰਿਹਾ ਹੈ। ਅਸੀਂ ਕਈ ਵਾਰ ਇਤਿਹਾਸ ਪੜ੍ਹੇ ਹਨ। ਅਸੀਂ ਉਸ ਵਿੱਚ ਗੁਜਰੇ ਹਾਂ। ਉਸ ਵਕਤ ਕੁਛ ਲੋਕ ਬੈਠੇ ਸਨ। ਉਹਨਾਂ ਦਾ ਨਾਂ ਨਹੀਂ ਲਿਆ। ਕਹਿਣ ਲੱਗੇ ਡਾ. ਸਾਹਿਬ, ਮੈਂ ਉਸ ਦੇ ਵਿੱਚ ਵਿਸ਼ਰਾਮ ਕਰਾਂਗਾ।

ਕਹਿੰਦੇ ਜੋ ਆਪਣੇ ਆਪ ਨੂੰ ਨੁਕਤਾ-ਚੀਨੀ ਕਰਕੇ ਆਪ ਆਪਣੀ ਗ਼ੰਦਗੀ ਨੂੰ ਬਾਹਰ ਕੱਢ ਦੇਵੇਗਾ, ਓਨੀ-ਓਨੀ ਮੇਰੀ ਜਗਾਹ ਤਿਆਰ ਹੁੰਦੀ ਜਾਵੇਗੀ। ਸਾਹਿਬ ਦਾ ਆਸਨ ਪੱਕਾ ਹੁੰਦਾ ਜਾਵੇਗਾ। ਕਹਿੰਦੇ ਮੈਂ ਆਪਣੀ ਲਾਈਫ ਦੇ ਵਿੱਚ ਗਿਆਨ ਆਪਣੇ ਆਪ ਤੇ ਦਿੱਤਾ ਹੈ। ਸਭਾ ਦੇ ਵਿੱਚ ਬੈਠ ਕੇ ਆਤਮਾ ਨੂੰ ਪਰਮਾਤਮਾ ਦੇ ਨਾਲ ਜੋੜਿਆ ਹੈ। ਕਹਿੰਦੇ ਮੈਂ ਆਪਣੇ ਨਾਲ ਨਹੀਂ ਜੋੜਿਆ। ਹਜ਼ੂਰ ਦੇ ਜਦ ਵੀ ਚਰਨਾਂ ਨੂੰ ਹੱਥ ਲਗਾਇਆ ਜਾਂਦਾ ਸੀ। ਉਸ ਵਕਤ ਕਹਿੰਦੇ ਸੀ ਕਿ ਇੱਥੋਂ ਕੀ ਮਿਲੇਗਾ ? ਆਪਣੀ ਆਤਮਾ ਨੂੰ ਪਰਮਾਤਮਾ ਦੇ ਨਾਲ ਜੋੜੋ। ਉਸ ਈਸ਼ਵਰ ਕੋਲੋਂ ਕੁਛ ਲਵੋ, ਜਿਹੜਾ ਦੇ ਕੇ ਪਛਤਾਏਗਾ ਨਹੀਂ। ਕਹਿੰਦੇ ਅਸੀਂ ਤੇ ਕਿਸੇ ਨੂੰ ਆਪਣੇ ਸਾਹਮਣੇ ਵੇਖ ਨਹੀਂ ਸਕਦੇ ਕਿ ਸਾਡੇ ਬਰਾਬਰ ਹੋ ਜਾਵੇ ਪਰ ਉਹ ਪਰਮਾਤਮਾ ਸਾਰੀ ਸ੍ਰਿਸ਼ਟੀ ਦੇ ਵਿੱਚ ਆਪਣਾ ਨਾਂ ਵਰਸਾਉਣਾ ਚਾਹੁੰਦਾ ਹੈ। ਇਸ ਸਰੀਰ ਦੇ ਵਿੱਚ ਹਰਿਮੰਦਰ ਹੈ। ਹਰਿ ਕੀ ਪਾਉੜੀ ਹੈ। ਹਰਿਮੰਦਰ ਸਾਹਿਬ ਹੈ, ਜਿਸ ਵਿੱਚ ਰੋਜ਼ ਜਾ ਕੇ ਅੰਮ੍ਰਿਤ ਵੇਲੇ ਦੀ ਬਾਣੀ, ਅੰਮ੍ਰਿਤ ਵੇਲੇ ਰੂਹ ਇਸ਼ਨਾਨ ਕਰਦੀ ਹੈ।

ਕਹਿੰਦੇ ਜਿਹੜੇ ਅੰਮ੍ਰਿਤ ਵੇਲੇ ਦੀ ਬਾਣੀ ਪੜ੍ਹਦੇ ਹਨ, ਅੰਮ੍ਰਿਤ ਵੇਲੇ ਜਾਗਦੇ ਨਹੀਂ, ਉਹ ਅੰਮ੍ਰਿਤ ਤੋਂ ਖ਼ਾਲੀ ਹਨ।

ਕਹਿੰਦੇ ਨੀਂਦ ਛੋਟੀ ਮੌਤ ਹੈ। ਇਹ ਸਾਨੂੰ ਸਦਾ ਸਵਾ ਰਹੀ ਹੈ। ਕਹਿੰਦੇ ਜਦ ਪਤੀ ਦੇ ਦੇਸ਼ ਜਾਣਾ ਹੈ, ਉਸ ਸਮੇਂ ਰੂਹ ਰਾਣੀ ਕੀ ਸ਼ਿੰਗਾਰ ਲੈ ਕੇ ਜਾਵੇਗੀ ? ਕੀ ਪਤੀ ਦੇ ਦਰ ਤੇ ਆਪਣੇ ਜੀਵਨ ਨੂੰ ਰੋਸ਼ਨ ਕਰੇਗੀ ? ਹਜ਼ੂਰ ਨੇ ਇਹ ਕਿਉਂ ਕਿਹਾ ਸੀ। ਸਤਿਸੰਗ ਦੇ ਟਾਇਮ ਤੇ ਸਮੇਂ ਸਿਰ ਆ ਜਾਵੋ। ਸਤਿਸੰਗ ਦੇ ਭੰਡਾਰ ਤੇ ਨਾਮੀ ਦਾ ਦਰਵਾਜਾ ਖੁੱਲ੍ਹਦਾ ਹੈ। ਜਦ ਸਾਹਿਬ ਸਤਿਸੰਗ ਦੇ ਵਿੱਚ ਬਿਰਾਜਵਾਨ ਹੁੰਦਾ ਹੈ, ਕਹਿੰਦੇ ਸਭ ਤੋਂ ਪਹਿਲਾ ਸਟੇਜ ਦਾ ਅਸਥਾਨ ਪੈਦਾ ਹੁੰਦਾ ਹੈ। ਕਿਉਂ ਸਤਿਸੰਗ ਤੋਂ ਪਹਿਲਾਂ ਸ਼ਟਲ ਲਾਇਆ ਜਾਂਦਾ ਹੈ। ਕਹਿੰਦੇ ਉਸ ਧਰਤੀ ਨੂੰ ਜਗਾਇਆ ਜਾਂਦਾ ਹੈ। ਨਮਸ਼ਕਾਰ ਕੀਤੀ ਜਾਂਦੀ ਹੈ।

ਜਦ ਹਜ਼ੂਰ ਨੇ ਕਾਨਫਰੰਸ ਕੀਤੀ, ਸਮਾਪਤੀ ਦਾ ਭੋਗ ਸੀ। ਉਸ ਵਕਤ ਜਿਨ੍ਹਾਂ ਨੇ ਦਿਨ ਰਾਤ ਸੇਵਾ ਕੀਤੀ ਸੀ। ਹਜ਼ੂਰ ਨੇ ਉਸ ਵਕਤ ਸਭ ਨੂੰ ਸਨਮਾਨਤ ਕੀਤਾ। ਹਜ਼ੂਰ ਉਸ ਨੀਤੀ ਨੂੰ ਜਾਣਦੇ ਸਨ। ਕਹਿੰਦੇ ਉਸ ਤੋਂ ਬਾਅਦ ਸਭ ਸੰਤ ਮੰਡਲੀ ਨੂੰ ਸਨਮਾਨਤ ਕਰ ਦਿੱਤਾ। ਉਹਨਾਂ ਨੇ ਆਪਣੀ ਕਥਾ ਦੇ ਨਾਲ ਅੰਮ੍ਰਿਤ ਦਾ ਮੀਂਹ ਵਰਸਾਇਆ। ਆਪਣੇ ਉਚਾਰਣ ਕੀਤੇ। ਹਜ਼ੂਰ ਖ਼ੁਦ ਜਾਣਦੇ ਹਨ ਕਿ ਇਹ ਅਨਜਾਣ ਬੱਚੇ ਹਨ। ਇਹ ਆਪਣੇ ਲਾਲਚ ਵਿੱਚ ਗ਼ਲਤੀਆ ਕਰ ਸਕਦੇ ਹਨ ਪਰ ਸਾਹਿਬ ਸਾਨੂੰ ਬੜਾ ਪੂਰਨ ਬਣਾਉਣਾ ਚਾਹੁੰਦਾ ਹੈ।

ਅੱਜ ਜੋ 15 ਤਰੀਕ ਡਾ. ਸਾਹਿਬ ਨੇ ਸਭ ਨੂੰ ਖ਼ੁਸ਼ੀਆਂ ਦੀਆਂ ਲਹਿਰਾਂ ਦੇ ਵਿੱਚ ਬਾਹਰੋਂ ਕਾਫ਼ੀ ਵਿਦੇਸ਼ੀ ਲੋਕ ਆਏ ਸਨ। ਡਾ. ਬੈਰਨ, ਉਸ ਦੇ ਹੱਥਾਂ ਦੇ ਨਾਲ ਵੰਡੇ। ਉਹ ਖ਼ੁਸ਼ੀਆਂ ਸ਼ਾਂਤੀ ਦੀਆਂ ਦੁੱਖ ਅਤੇ ਸੁੱਖ ਨੂੰ ਇੱਕ ਸਾਰ ਰੱਖਿਆ। ਅੱਜ ਹਜ਼ੂਰ ਨੇ ਆਪਣੇ ਕੰਮ ਆਪ ਹੀ ਕੀਤੇ, ਜੋ ਅਸੀਂ ਕਰ ਨਹੀਂ ਸੀ ਸਕਦੇ। ਸਾਡੇ ਵੀ ਆਪਣੀ ਸੰਤ ਮੰਡਲੀ ਸਾਧੂ ਸੰਤ ਆਏ। ਜਦ ਕਿ ਅੱਜ 14-15 ਤਰੀਕ ਆ ਗਈ। ਉਸ ਵਕਤ ਖ਼ੁਸ਼ੀ ਅਤੇ ਗ਼ਮੀ ਦੋਨੋਂ ਇਕੱਠੀਆ ਹੋ ਗਈਆਂ। ਬਿਰਹੋਂ ਦੇ ਸਮੁੰਦਰ ਵੀ ਚੱਲ ਪਏ। ਹੇ ਮੁਰਸ਼ਦ ! ਅਸੀਂ ਭੁੱਲ ਬੈਠੇ ਸੀ ਤੂੰ ਸਾਨੂੰ ਅੰਤਰ ਜਾਣ ਵਾਸਤੇ ਮੁਕੰਮਲ ਬਣਾ ਲਿਆ ਹੈ। ਤੂੰ ਸਾਨੂੰ ਕਮਲ ਦੇ ਫੁੱਲ਼ ਨੂੰ ਮਰਜਾਉਣ ਨਹੀਂ ਦਿੱਤਾ। ਤੂੰ ਕਮਲ ਦੇ ਫੁੱਲ਼ ਨੂੰ ਹਮੇਸ਼ਾਂ ਖਿੜਿਆ ਰੱਖਿਆ ਹੈ। ਤੂੰ ਸਾਨੂੰ ਗੰਦਗੀ ਦੇ ਕੀੜਿਆਂ ਦੇ ਨਾਲ ਚੱਲਣ ਨਹੀਂ ਦਿੱਤਾ। ਸਾਨੂੰ ਉਸ ਛੋਟੇ ਦਾਇਰੇ ਦੇ ਵਿੱਚ ਰਹਿਣ ਨਹੀਂ ਦਿੱਤਾ। ਤੂੰ ਸਾਨੂੰ ਉਸ ਮੰਜ਼ਲ ਉੱਪਰ ਲੈ ਗਿਆ। ਜਦ ਮੈਂ ਸਮਾਨ ਰੱਖ ਕੇ ਬੈਠੀ, ਮੈਂ ਉਸ ਸਮੇਂ ਅੰਦਰ ਪ੍ਰਾਰਥਨਾ ਕੀਤੀ। ਮੇਰੀ ਅੰਦਰ ਦੀ ਅਵਾਜ਼ ਸੀ। ਜਦ ਉਹ ਸਵਾਮੀ ਮਹਿਫਲ ਦੇ ਵਿੱਚ ਸੰਤ ਕਿਰਪਾਲ ਸਿੰਘ ਜੀ ਅਤੇ ਡਾ. ਸਾਹਿਬ ਜੀ ਦੀ ਅਵਾਜ਼ ਗੂੰਜੀ।

ਮੈਂ 15 ਨਵੰਬਰ ਦੇ ਵਿੱਚ ਪਹੁੰਚ ਗਈ। ਹੇ ਸਾਹਿਬ ! ਉਸ ਦਿਨ, ਰਾਤ ਅਤੇ ਦਿਨ ਇੱਕ ਹੋਇਆ ਪਿਆ ਸੀ। ਡਾ. ਸਾਹਿਬ ਨੂੰ ਸ਼ਾਂਤੀ ਨਹੀਂ ਸੀ। ਮੇਰਾ ਖ਼ਿਆਲ ਹੈ ਕਿ ਤਿੰਨ-ਤਿੰਨ ਤਰਫ਼ ਕਿਰਪਾਲ ਸਾਗਰ ਨੂੰ ਨਵਾਂ ਸ਼ਹਿਰ ਨੂੰ ਮੁੱਖ ਰੱਖ ਕੇ ਉਸ ਨੇ ਨਫ਼ਰਤ ਦੇ ਮਹੌਲ ਵਿੱਚ ਰਹਿ ਕੇ ਕੰਮ ਕੀਤਾ ਪਰ ਉਸ ਨੂੰ ਅਰਸ਼ਾਂ ਦੀ ਸ਼ਕਤੀ ਨੇ ਮਹਿਕਦੇ ਫੁੱਲਾਂ ਦੀ ਵਰਖਾ ਕੀਤੀ ਹੋਈ ਸੀ। ਜਦ ਇਹ ਸਾਰੀ ਚੀਜ਼ ਸਮਾਪਤ ਕਰਕੇ ਆਏ। ਸਾਨੂੰ ਇਸ ਤਰ੍ਹਾਂ ਨਜ਼ਰ ਆਇਆ ਕਿ ਮੈਂ ਆਪਣੀ ਕਾਨਫਰੰਸ ਦਾ ਸਮਾਪਤੀ ਦਾ ਭੋਗ ਪਾਇਆ ਹੈ।

ਉਹ ਸਰੀਰ ਹਲਕਾ ਸੀ ਕਿ ਕਹਿੰਦੇ ਉਹ ਨਹੀਂ ਸੀ ਕਰ ਰਹੇ, ਮੇਰੇ ਹਜ਼ੂਰ ਅੰਤਰ ਦਾ ਮੀਂਹ ਵਰਸਾ ਰਹੇ ਸਨ। ਉਸ ਟਾਇਮ ਤੇ ਹਜ਼ੂਰ ਨੇ ਕਿਹਾ ਕਿ ਘਬਰਾਉ ਨਹੀਂ 15 ਦਸੰਬਰ ਤੋਂ ਬਾਅਦ ਮੀਂਹ ਬਰਸੇਗਾ। ਕਹਿੰਦੇ ਛਮ-ਛਮ ਧਾਰਾ ਆਏਗੀ। ਕਹਿੰਦੇ ਕੋਈ ਵੀ ਉਸ ਧਾਰਾ ਤੋਂ ਖ਼ਾਲੀ ਨਹੀਂ ਰਹੇਗਾ। ਇਹ ਭਗਤੀ ਦਾ ਮਾਰਗ ਹੈ। ਅਸੀਂ ਜ਼ਰੂਰ ਮਹਾਂਪੁਰਸ਼ਾਂ ਦੀ ਕਹਾਣੀ ਗਾ ਰਹੇ ਹਾਂ ਪਰ ਅਸੀਂ ਵੇਖੀਏ, ਉਹ ਕਿਸ ਤਰ੍ਹਾਂ ਉਹਨਾਂ ਨੇ ਜੀਵਨ ਸਫ਼ਲ ਕੀਤਾ ਸੀ ? ਹਜ਼ੂਰ ਨੇ ਕਿਹਾ ਸੀ ਕਿ ਅੱਜ ਅਸੀਂ ਉਹਨਾਂ ਦੇ ਸ਼ਬਦ ਜ਼ਰੂਰ ਦੱਸਦੇ ਹਾਂ ਪਰ ਅਸੀਂ ਇਹ ਨਹੀਂ ਦੱਸਦੇ ਕਿ ਉਹ ਕਿਸ ਘਟਿ ਦੇ ਵਿੱਚ ਗੱਲ ਕਰਦੇ ਸੀ ? ਜਦ ਸ਼ਾਮ ਦੀ ਸਭਾ ਦੇ ਵਿੱਚ ਆਇਆ ਕਰਨ, ਉਹਨਾਂ ਨੇ ਚੰਦ ਲਾਈਨਾ ਦੱਸੀਆ ਕਿ ਉਸ ਟਾਇਮ ਹਜ਼ੂਰ ਮੈਂ ਜਾਨਣਾ ਚਾਹੁੰਦਾ ਹਾਂ ਤੇ ਮੇਰੇ ਹਜ਼ੂਰ ਦੇ ਸ਼ਬਦ ਸਨ।

ਕਹਿੰਦੇ ਸ਼ਾਮ ਦੀ ਸਭਾ ਦੇ ਵਿੱਚ ਮੈਂ ਤੁਹਾਨੂੰ ਸੁਰਤ ਦੇ ਮਕਾਨ ਵਿੱਚੋਂ ਜਵਾਬ ਦੇਵਾਂਗਾ। ਅੰਮ੍ਰਿਤ ਵੇਲੇ ਬਾਣੀ ਦਾ ਰਸ ਅੰਮ੍ਰਿਤਸਰ ਦੀ ਨਗਰੀ ਦੇ ਵਿੱਚੋਂ ਮਿਲੇਗਾ। ਹੁਣੇ ਹੀ ਅਸੀਂ ਸੁਣ ਰਹੇ ਸੀ ਕਿ ਗੁਰੂ ਦੀ ਸ਼ਰਨ ਰਾਮ ਦਾਸ ਜੀ ਦੀ ਸ਼ਰਨ ਉਹ ਰਾਮ ਦਾਸ ਜੀ ਕਿੱਥੇ ਸਨ ? ਉਹ ਪ੍ਰਭੂ ਦੇ ਘਾਟ ਤੇ ਸੀ। ਕਹਿੰਦੇ ਦਾਸ ਕੀ ਸੀ, ਕਹਿੰਦੇ ਕੀ ਸਭਾ ਲਿਆਇਆ ਕਰਦੇ ਸਨ ? ਗੁਰੂ ਨੂੰ ਉੱਪਰ ਮੱਥੇ ਤੇ ਅੰਦਰ ਘਟਿ ਤੋਂ ਮਿਲਿਆ ਕਰਦੇ ਸਨ। ਕਈ ਤਸਵੀਰਾਂ ਇਸ ਤਰ੍ਹਾਂ ਦੀਆ ਸਨ। ਬਿਲਕੁੱਲ ਰੂਹ ਦੇ ਵਿੱਚ ਵਸ ਜਾਂਦੇ ਸਨ। ਕਹਿੰਦੇ ਅੱਜ ਅਸੀਂ ਅਰਸ਼ਾਂ ਦੀ ਬਾਣੀ, ਧੁੰਨ ਮੰਡਲ ਤੋਂ ਭਜਨ ਸਿਮਰਨ ਰਾਹੀਂ ਜੋ ਹਜ਼ੂਰ ਨੇ ਦੱਸਿਆ ਹੈ। ਜਿਉਂਦੇ ਜੀਅ ਦੱਸਿਆ ਹੈ। ਅੱਜ ਅਸੀਂ ਸੇਵਾ ਕਰਦੇ ਹੋਈਏ। ਮੈਂ ਆਪਣੀਆਂ ਬੀਤੀਆਂ ਹੋਈਆਂ ਕਹਾਣੀਆਂ ਦੱਸ ਰਹੀ ਹਾਂ, ਕੁਛ ਭਗਤ ਆਏ ਹਨ। ਕੁਛ ਸਾਧੂ ਪਹੁੰਚ ਚੁੱਕੇ ਹਨ। ਹਜ਼ੂਰ ਅੰਮ੍ਰਿਤਸਰ ਆ ਰਹੇ ਹਨ। ਇਸ਼ਤਿਹਾਰ ਲਗਾਉਣ ਵਾਸਤੇ ਕੁਛ ਮੈਂਬਰ ਆਏ। ਜਦ ਉਹਨਾਂ ਨੇ ਜਾਣਾ, ਸਾਰੇ ਪਿੰਡਾਂ ਵਿੱਚ ਇਸ਼ਤਿਹਾਰ ਲਾ ਕੇ, ਖਾਣਾ ਉਹਨਾਂ ਨੇ ਨਾਗ ਕਲਾਂ ਤੋਂ ਖਾਣਾ।

ਡਾ. ਸਾਹਿਬ ਦੀ ਹਦਾਇਤ ਸੀ ਕਿ ਬੱਚਿਆਂ ਵਾਸਤੇ ਖਾਣਾ ਵੱਖਰਾ ਬਣਾ ਕੇ ਰੱਖ ਦਿਉ। ਜੋ ਤੁਸੀਂ ਆਪਣੇ ਬੱਚਿਆ ਵਾਸਤੇ ਬਣਾਉਣਾ ਹੈ, ਉਹ ਹੀ ਹਜ਼ੂਰ ਦੇ ਬੱਚਿਆਂ ਵਾਸਤੇ ਬਣਾ ਕੇ ਰੱਖ ਦਿਉ। ਪਤਾ ਨਹੀਂ ਕਿਸ ਵਕਤ ਆਉਣਗੇ ? ਆ ਕੇ ਖਾ ਲੈਣਗੇ। ਕਹਿੰਦੇ ਉਸ ਸਮੇਂ ਸਾਰੇ ਮੈਂਬਰ ਇਸ਼ਤਿਹਾਰ ਲਾ ਰਹੇ ਸਨ। ਰਾਜ ਪਾਲ ਸਰੀਰ ਦਾ ਥੋੜ੍ਹਾ ਮੋਟਾ ਸੀ। ਉਹ ਕਾਰ ਦੇ ਵਿੱਚ ਬੈਠ ਗਿਆ। ਕਹਿੰਦੇ ਤੁਸੀਂ ਸਾਰੇ ਇਸ਼ਤਿਹਾਰ ਲਾਉ। ਮੈਂ ਤੁਹਾਡੇ ਵਾਸਤੇ ਪਰਸ਼ਾਦ ਲੈ ਕੇ ਆਉਂਦਾ ਹਾਂ। ਰੱਬ ਦੇ ਨਾਂ ਤੇ ਜੋ ਕਹਿ ਦਿਉਗੇ, ਉਹ ਪੂਰਾ ਹੋ ਜਾਂਦਾ ਹੈ। ਜਦ ਉਹ ਚੀਜ਼ ਕਹਿ ਕੇ ਸੌਂ ਗਿਆ, ਕਹਿੰਦੇ ਇੱਕ ਬਜ਼ੁਰਗ ਆਇਆ। ਆਣ ਕੇ ਕਹਿੰਦੇ, ਹਾਂ ਬਈ ਇੱਥੇ ਕਿਉਂ ਨਹੀਂ ਲਾ ਰਹੇ ? ਉਹ ਕਹਿੰਦੇ ਬਾਬਾ ਜੀ ਇੱਥੇ ਨਹੀ ਲਾ ਸਕਦੇ। ਕਹਿੰਦੇ ਇੱਥੇ ਵੀ ਲਾਉ। ਸਾਰੇ ਪਾਸੇ ਲਵਾ ਦਿਉ। ਲਵਾ ਕੇ ਕਹਿੰਦੇ, ਹਾਂ ਬਈ ਤੁਸੀਂ ਹੁਣ ਪ੍ਰਸ਼ਾਦ ਲੈਂਦੇ ਜਾਉ। ਮੈਂ ਲਾਗੇ ਦੁਕਾਨ ਵੇਖਦਾ ਹਾਂ, ਜੇ ਖੁੱਲ੍ਹੀ ਹੋਵੇ ਤਾਂ ਮੈਂ ਪਰਸ਼ਾਦ ਲਿਆ ਕੇ ਦਿੰਦਾ ਹਾਂ। ਜਿਸ ਨੇ ਕਿਹਾ ਸੀ, ਉਹ ਹਾਲੇ ਸੁੱਤਾ ਸੀ। ਉਸ ਨੂੰ ਕੁਛ ਪਤਾ ਨਹੀਂ ਸੀ।

ਉਸ ਬਜ਼ੁਰਗ ਨੇ ਲਾਗਿਉਂ ਦੁਕਾਨ ਖੁਲਵਾਈ। ਉਸ ਨੂੰ ਜੋ ਵੀ ਉੱਥੋਂ ਮਿਲਿਆ ਲਿਆ ਕੇ ਦਿੱਤਾ। ਉਹ ਜੋ ਸੁੱਤਾ ਸੀ, ਗਰਾੜੇ ਬੜੇ ਮਾਰਦਾ ਸੀ। ਉਹਦੇ ਪੇਟ ਤੇ ਰੱਖ ਦਿੱਤੀ। ਜਦ ਉਹ ਉਠਿਆ, ਉਹ ਕਹਿੰਦੇ ਅਸੀਂ ਪਰਸ਼ਾਦ ਤੇ ਖਾ ਲਿਆ ਹੈ। ਅਸੀਂ ਤੈਨੂੰ ਵੀ ਦੇ ਦਿੱਤਾ। ਉਸ ਤੋਂ ਬਾਅਦ ਉਹ ਉੱਠਿਆ ਅਤੇ ਕਹਿੰਦੇ ਚਲੋ ਹੁਣ ਨਾਗ ਕਲਾ ਚੱਲਦੇ ਹਾਂ। ਆਉਂਦਿਆ ਨੂੰ ਹਜ਼ੂਰ ਆਪਣੇ ਰੂਮ ਵਿੱਚ ਬਿਰਾਜਮਾਨ ਸਨ। ਸਿੱਧਾ ਰੋਂਦਾ ਆਇਆ ਅਤੇ ਕਮਰੇ ਦੇ ਵਿੱਚ ਬੈਠ ਗਿਆ। ਹਜ਼ੂਰ ਮੈਂ ਤੇਰੇ ਨਾਂ ਤੇ ਕੰਮ ਕਰਵਾ ਕੇ ਮੈਂ ਸੌਂ ਗਿਆ। ਤੈਨੂੰ ਮਿਹਨਤ ਕਰਨੀ ਪਈ। ਮੈਂ ਅੱਖੀਂ ਵੇਖਿਆ ਹਾਲ ਦੱਸ ਰਹੀ ਹਾਂ। ਕਹਿੰਦੇ ਅੱਖੀਂ ਡਿੱਠਾ ਮੇਲਾ ਜਿਸ ਦੇ ਵਿੱਚੋਂ ਗੁਜਰੇ ਹੋਈਏ, ਅਸਥਾਨ ਹੈ। ਉਹ ਇਹ ਅਸਥਾਨ ਨਹੀਂ ਕਿ ਅਸੀਂ ਆਪਣੀਆਂ ਹੀ ਖ਼ੁਸ਼ੀਆਂ ਮਾਣੀਏ।

ਡਾ. ਸਾਹਿਬ ਹਮੇਸ਼ਾਂ ਕਹਿੰਦੇ ਸਨ ਕਿ ਜੀਓ, ਤੇ ਕਿਸੇ ਵਾਸਤੇ ਜੀਓ ? ਮਰੀਏ, ਤੇ ਕਿਸੇ ਵਾਸਤੇ ਮਰੀਏ, ਆਪਣਾ ਖਾਧਾ ਕੀ ਫਾਇਦਾ, ਜੇ ਗਵਾਂਢੀ ਭੁੱਖਾ ਬੈਠਾ ਹੋਵੇ। ਉਹ ਹਮੇਸ਼ਾਂ ਹੀ ਵੰਡ ਕੇ ਖਾਣ ਦਾ ਕਰਤਾ ਸੀ। ਜਦ ਇਹ ਸਾਰੀ ਜਗਾਹ ਤੇ ਇਸ਼ਤਿਹਾਰ ਲਾ ਕੇ ਉੱਚੇ ਪੁੱਲ ਦੇ ਵੀ ਚਾਰ ਚੁਫੇਰੇ ਲਾ ਦਿੱਤੇ। ਆਖਰ ਹਜ਼ੂਰ ਨੇ ਮਜ਼ਬੂਰ ਕੀਤਾ, ਦਿੱਲੀ ਪਹੁੰਚ ਗਏ। ਹਜ਼ੂਰ ਨੇ ਜਾਂਦਿਆਂ ਹੀ ਕਿਹਾ। ਉਸ ਨੂੰ ਹਨੂੰਮਾਨ ਕਹਿਆ ਕਰਦੇ ਸਨ। ਉਸ ਨੇ ਸਾਨੂੰ ਹਰੀ ਦੇ ਸਮੁੰਦਰ ਦੇ ਵਿੱਚ ਤਰਨਾ ਸਿਖਾਇਆ। ਉਹ ਪਹਿਲਾਂ ਤਰਦਾ ਸੀ ਅਤੇ ਫਿਰ ਸਾਨੂੰ ਤਰਨ ਦੀ ਜਾਂਚ ਦੱਸੀ। ਸੰਤ ਮਹਾਤਮਾ ਜਿਸ ਮੰਜ਼ਲ ਨੂੰ ਪਾਰ ਕਰ ਚੁੱਕੇ ਹਨ, ਉਸ ਮੰਜ਼ਲ ਵਿੱਚ ਸਾਨੂੰ ਸਫ਼ਰ ਕਰਵਾਉਂਦੇ ਹਨ।

ਅਸੀਂ ਇੱਕ ਸ਼ਬਦ ਮੁੜ-ਮੁੜ ਕਹਿੰਦੇ ਹਾਂ। ਸਾਡੇ ਕੋਲ ਉਹਨਾਂ ਤੋਂ ਬਗੈਰ ਕੋਈ ਹੋਰ ਹੈ ਹੀ ਨਹੀਂ। ਹਜ਼ੂਰ ਕਿਉਂ ਕਹਿੰਦੇ ਸੀ ? ਜੁੱੜੇ ਹੋਏ ਨਾਲ ਜੁੱੜੋ, ਜੁੱੜ ਜਾਵੋਗੇ। ਜੇ ਟੁੱਟੇ ਹੋਏ ਨਾਲ ਜੁੜੋਗੇ, ਟੁੱਟ ਜਾਵੋਗੇ। ਹਜ਼ੂਰ ਨੇ ਉਸ ਸਮੇਂ ਕਿਹਾ ਸੀ, ਇਹ ਸੰਸਾਰੀ ਭੋਗਾਂ ਰਸਾਂ ਦੇ ਵਿੱਚ ਫਸੇ ਹੋਏ ਹਨ ਪਰ ਜਿਸ ਮਿਸ਼ਨ ਦੇ ਵਿੱਚ ਬੈਠੇ ਹਾਂ, ਇਹ ਸੱਚ ਦਾ ਦਰਬਾਰ ਹੈ। ਇਹ ਗੁਦਵਾਰਾ ਸ਼ਕਤੀ ਦਾ ਖ਼ਜਾਨਾ ਹੈ। ਇਹ ਸਾਗਰ ਮੇਹਰਾਂ ਦਾ ਭੰਡਾਰ ਹੈ। ਜੋ ਵੀ ਇੱਥੋਂ ਚੀਜ ਲੈਣ ਆਵੋਗੇ, ਉਹ ਤੁਹਾਨੂੰ ਮਿਲੇਗੀ ਪਰ ਕਹਿੰਦੇ ਉਹਦੇ ਵਰਗੇ ਹੋ ਜਾਈਏ। ਉਹ ਹਰ ਇੱਕ ਦੇ ਨਾਲ ਹੈ। ਕਹਿੰਦੇ ਇਸ ਦੀਆਂ ਤਿੰਨ ਸਟੇਜਾ ਕਿਉਂ ਦੱਸੀਆਂ ਹਨ।

ਧਿਆਨ ਗੁਰੂ, ਗਿਆਨ ਗੁਰੂ ਅਤੇ ਸ਼ਬਦ ਗੁਰੂ ਧਿਆਨ ਗੁਰੂ ਕਿਉਂ ਕਿਹਾ ਹੈ ? ਜਦ ਇਸ ਜਗ੍ਹਾ ਤੇ ਧਿਆਨ ਟਿੱਕ ਜਾਂਦਾ ਹੈ। ਸਾਡੀ ਸੁਰਤ ਇਸ ਵਿੱਚ ਲੀਨ ਹੋ ਜਾਂਦੀ ਹੈ। ਪਰਮਾਤਮਾ ਦੇ ਨਾਲ ਜੁੜ ਜਾਂਦੀ ਹੈ। ਸਹਿਜ ਅਵੱਸਥਾ ਦੇ ਨਾਲ ਜਿਸਮ ਸੌਂ ਜਾਂਦਾ ਹੈ। ਜਿਸਮ ਜਾਂ ਸਰੀਰ ਇਸ ਦੁਨੀਆਂ ਦੇ ਵਿੱਚ ਹੁੰਦਾ ਹੈ। ਆਤਮਾ ਉਡਾਰੀ ਮਾਰਦੀ, ਪੰਛੀ ਜਾ ਆਪਣੇ ਦੇਸ਼ ਵਿੱਚ ਵਸੇਬਾ ਕਰ ਲੈਂਦਾ ਹੈ। ਕਹਿੰਦੇ ਉਸ ਦੇਸ਼ ਵਿੱਚੋਂ ਉਹ ਇਹ ਖ਼ੁਰਾਕ ਲੈ ਕੇ ਆਉਂਦਾ ਹੈ, ਜਿਹੜੀ ਆ ਕੇ ਇੱਕ-ਇੱਕ ਬੂੰਦ ਦਿੰਦਾ ਹੈ। ਹਿੰਦੂ ਲੋਕ ਕਿਉਂ ਜਲ ਨੂੰ ਮਹਾਨਤਾ ਦਿੰਦੇ ਹਨ ? ਕਿਉਂ ਜਲ ਦਾ ਮੀਂਹ ਵਰਸਾਉਂਦੇ ਹਨ ? ਕਹਿੰਦੇ ਜਲ ਦੇ ਕੋਲ ਕੋਈ ਛੋਟੀ ਪਾਵਰ ਨਹੀਂ ਆਉਂਦੀ। ਜਲ ਨੂੰ ਸਰਹਾਣੇ ਰੱਖ ਲਉ। ਵਹਿਗੁਰੂ ਦਾ ਜਾਪ ਕਰ ਲਉ, ਜਪੁਜੀ ਸਾਹਿਬ ਦਾ ਜਾਪ ਕਰ ਲਉ, ਸਤਿਨਾਮ ਕਰਕੇ ਉਸ ਨੂੰ ਛੱਕ ਲਉ। ਛਿੜਕ ਦਿਉ, ਅੰਮ੍ਰਿਤ ਬਣ ਜਾਵੇਗਾ।

ਕਹਿੰਦੇ ਸਾਡੇ ਦਿਲਾਂ ਦੇ ਖ਼ਿਆਲੀ ਦਲਾਂ ਦੀਆਂ ਘਟਨਾਵਾਂ, ਉਹ ਸਾਡੀ ਖ਼ੁਰਾਕ ਤੇ ਪੈਂਦੀਆਂ ਹਨ। ਜਿਹੋ ਜਿਹੇ ਅਸੀਂ ਹਾਂ, ਉਹੋ ਜਿਹੇ ਅਸੀਂ ਉਹਨਾਂ ਨੂੰ ਦੇ ਦਿੰਦੇ ਹਾਂ। ਸਾਨੂੰ ਆਪਣੀ ਅਵੱਸਥਾ ਦੇ ਨਾਲ ਹਰ ਇੱਕ ਨੂੰ ਨਿਰਮਲਤਾ ਵਿੱਚ ਪਹੁੰਚਾਉਂਦਾ ਹੈ। ਨਿਮਰਤਾ ਦੇ ਭੰਡਾਰ ਬਣਦੇ ਹਨ। ਕਹਿੰਦੇ ਜਦ ਸੰਤ-ਸੰਤ ਨੂੰ ਮਿਲਦੇ ਹਨ, ਆਉ ਸਾਧੂ ਜੀ ਆਉ। ਆਉ ਸੰਤੋਂ, ਉਹ ਕਿਉਂ ਉਨ੍ਹਾਂ ਦਾ ਸਭ ਦੇ ਨਾਲ ਪਿਆਰ ਹੈ। ਉਹਨਾਂ ਦੇ ਅੰਦਰ ਈਰਖਾ ਦਾ ਜੰਗਲ ਨਹੀਂ ਹੈ। ਈਰਖਾ ਦਾ ਬੀਜਿਆ ਨਹੀਂ। ਉਹ ਅੱਗੇ ਜਿਸ ਤਰ੍ਹਾਂ ਮਿਲਟਰੀ ਵਾਲੇ ਲਾਈਨ ਵਿਛਾ ਦਿੰਦੇ ਹਨ। ਇੱਕ-ਇੱਕ ਅਰਦਾਸ ਸੁਣਦਾ ਹੈ। ਛਾਲ ਮਾਰਦਾ ਹੈ, ਆਪਣਾ ਜੀਵਨ ਉਸ ਦੇ ਹਵਾਲੇ ਕਰਕੇ ਸਾਫ਼ ਕਰੀ ਜਾਂਦਾ ਹੈ। ਜਵਾਨ ਅੱਗੇ ਤੁਰੀ ਜਾਂਦੇ ਹਨ। ਕਹਿੰਦੇ ਇਸ ਧਰਤੀ ਵਾਸਤੇ ਧਰਤੀ ਮਾਤਾ ਨੂੰ ਖ਼ਾਲੀ ਕਰਵਾਉਣ ਵਾਸਤੇ ਧਰਤੀ ਨੂੰ ਨਮਸ਼ਕਾਰ ਕਰਨ ਵਾਸਤੇ ਹਜ਼ੂਰ ਨੇ ਰਮਾਇਣ ਦੇ ਪਾਠ ਕੀਤੇ। ਸਤਿਸੰਗ ਕੀਤੇ, ਰਾਮ ਲੀਲਾ ਲੱਗਿਆ ਕਰਦੀ ਸੀ।

ਹਜ਼ੂਰ ਸਤਿਸੰਗ ਕਰਿਆ ਕਰਦੇ ਸਨ ਕਿ ਜਿਸ ਸੀਤਾ ਮਾਤਾ ਨੂੰ ਯਾਦ ਕਰਦੇ ਹਾਂ, ਹਰ ਸਾਲ ਉਹ ਸੀਤਾ ਕਿੱਥੋਂ ਆਈ ? ਕਹਿੰਦੇ ਕਿੱਥੋਂ ਪੈਦਾ ਹੋਈ ? ਕਹਿੰਦੇ ਮਿੱਟੀ ਦੇ ਵਿੱਚੋਂ। ਇਨਸਾਨ ਦਾ ਜਿਸਮ ਮਿੱਟੀ ਦਾ ਹੈ। ਇਹ ਮਿੱਟੀ ਦੇ ਵਿੱਚ ਮਿਲ ਜਾਣਾ ਹੈ। ਕਹਿੰਦੇ ਜਦ ਅਸੀਂ ਮਿੱਟੀ ਦੇ ਢੇਲੇ ਨੂੰ ਉੱਪਰ ਸੁੱਟਦੇ ਹਾਂ, ਉਹ ਨੀਚੇ ਕਿਉਂ ਆਉਂਦੀ ਹੈ ? ਉਸ ਦਾ ਅੰਸ ਨੀਚੇ ਹੈ। ਲਾਈਟ ਨੂੰ ਜਗਾਉਂਦੇ ਹਾਂ, ਉਹ ਉੱਪਰ ਨੂੰ ਕਿਉਂ ਜਾਂਦੀ ਹੈ। ਕਹਿੰਦੇ ਸਾਡੀ ਅੰਸ ਬੈਕੁੰਠ ਤੋਂ ਹੈ। ਜਦ ਉੱਪਰ ਨੂੰ ਜਾਈਦਾ ਹੈ, ਦਰਵਾਜੇ ਖੁੱਲ੍ਹ ਜਾਂਦੇ ਹਨ। ਕਹਿੰਦੇ ਭੰਵਰ ਗੁਫਾ ਤੋਂ ਜਦ ਰੂਹ ਉੱਪਰ ਜਾਂਦੀ ਹੈ, ਬੜੀ ਨੀਵੀਂ ਜਗ੍ਹਾ ਤੋਂ ਹਨੇਰ ਕੋਠੜੀ ਦੇ ਵਿੱਚੋਂ, ਕਹਿੰਦੇ ਉੱਥੇ ਜੋਤ ਦੇ ਪਰਕਾਸ਼ ਦੇ ਨਾਲ ਰੂਹ ਪਾਰ ਹੁੰਦੀ ਹੈ। ਕਹਿੰਦੇ ਉਸ ਜੋਤ ਦੇ ਪ੍ਰਕਾਸ਼ ਦੇ ਨਾਲ ਸਚਿਖੰਡ ਦੇ ਵਿੱਚੋਂ ਜੀਵਨ ਦੀ ਲਾਈਟ ਪੈਦਾ ਕਰਨ ਵਾਸਤੇ ਆਉਂਦੇ ਹਾਂ। ਜਦ ਅਸੀਂ ਸਤਿਸੰਗ ਦੇ ਵਿੱਚ ਆਉਂਦੇ ਹਾਂ, ਸਾਡੇ ਮਨ ਦੇ ਖ਼ਿਆਲ ਹੋਰ ਹਨ।

**ਚੱਲਦਾ ਹੈ .........//**

# ਸਤਿਸੰਗ ਪ੍ਰਵਚਨ



ਸਤਿਕਾਰਯੋਗ ਕਰਮਜੀਤ ਸਿੰਘ ਜੀ ਚੇਅਰਮੈਨ

**05-02-2019**

**ਲੜੀ ਜੋੜਨ ਲਈ ਪਿੱਛਲੇ ਮਾਂਹ ਦਾ ਅੰਕ ਵੇਖੋ ਜੀ ...........//**

ਇੱਥੇ ਹਮੇਸ਼ਾਂ ਹੀ ਬਰਕਤ ਰਹੀ ਹੈ, ਕਦੀ ਕਸੇ ਕਿਸਮ ਦੀ ਕਮੀ ਨਹੀਂ ਰਹੀ। ਮੇਰਾ ਖ਼ਿਆਲ ਹੈ ਕਿ ਕਿਸੇ ਨੂੰ ਡਰ ਨਹੀਂ ਲੱਗਾ ਹੋਣਾ। ਮੈਂ ਪਿੱਛਲੀ ਵਾਰੀ ਵੀ ਦੱਸਿਆ ਸੀ, ਇੱਕ ਲੜਕੀ ਫਰਵਰੀ ਦੇ ਵਿੱਚ ਈਰਾਨ ਤੋਂ ਆ ਕੇ ਨਾਮ ਲੈ ਕੇ ਗਈ ਸੀ।

ਉਸ ਦੇ ਮਨ ਦੇ ਵਿੱਚ ਆਇਆ ਸੀ ਕਿ ਕਿਰਪਾਲ ਸਾਗਰ ਦੇ ਵਿੱਚ ਕੀ ਮਾਹੌਲ ਹੋਵੇਗਾ ? ਉਸ ਨੇ ਮਹਾਰਾਜ ਜੀ ਨੂੰ ਚਿੱਠੀ ਪਾਈ। ਉਸ ਨੇ ਕਿਰਪਾਲ ਸਾਗਰ ਹੰਸ ਨੂੰ ਈ ਮੇਲ ਪਾਈ। ਉਸ ਨੇ ਕਿਹਾ ਕਿ ਮਹਾਰਾਜ ਜੀ ਨੇ ਸਰੀਰ ਤੋਂ ਉੱਪਰ ਚੁੱਕਿਆ ਅਤੇ ਕਿਰਪਾਲ ਸਾਗਰ ਲੈ ਆਏ। ਉਹ ਆਪਣੀ ਮੇਲ ਤੇ ਸਾਰੀ ਚੀਜ਼ ਬਿਆਨ ਕਰ ਰਹੀ ਸੀ, ਜਿਸ ਤਰ੍ਹਾਂ ਇੱਥੇ ਕੰਮ ਹੋ ਰਿਹਾ ਸੀ। ਮੈਂ ਪਿੱਛਲੀ ਵਾਰੀ ਦੱਸਿਆ ਸੀ ਕਿ ਜਿਸ ਨੇ ਪੜ੍ਹਨੀ ਹੋਵੇ, ਉਹ ਪੜ੍ਹ ਸਕਦਾ ਹੈ। ਉਹ ਇਸ ਤਰ੍ਹਾਂ ਦੱਸ ਰਹੀ ਸੀ, ਜਿਸ ਤਰ੍ਹਾ ਇੱਥੇ ਕੈਮਰਾ ਲੱਗਾ ਹੋਵੇ। ਇਸ ਤਰ੍ਹਾਂ ਕੰਮ ਚੱਲ ਰਿਹਾ ਹੈ, ਸਫ਼ਾਈਆਂ ਹੋ ਰਹੀਆ ਹਨ। ਇਸ ਤਰ੍ਹਾਂ ਕੰਮ ਚੱਲ ਰਿਹਾ ਹੈ। ਕਹਿੰਦੀ ਫਿਰ ਮਹਾਰਾਜ ਜੀ ਪਤਾਲ ਪੁਰੀ ਦੇ ਵਿੱਚ ਲੈ ਆਏ ਕਿਉਂ ਜਦੋਂ ਉਸ ਨੇ ਨਾਮ ਲਿਆ ਸੀ, ਉਹ ਇੱਥੇ ਬੈਠਦੀ ਸੀ। ਉਸ ਨੂੰ ਫਿਰ ਇੱਥੇ ਲੈ ਆਏ। ਉਸ ਨੂੰ ਬਹੁਤ ਵਧੀਆ ਲੱਗਦਾ ਸੀ। ਉਸ ਨੂੰ ਫਿਰ ਇੱਥੇ ਲੈ ਆਏ। ਕਹਿੰਦੀ ਕਿਰਪਾਲ ਸਾਗਰ ਬਹੁਤ ਵਧੀਆਂ ਕੰਮ ਚੱਲ ਰਿਹਾ ਹੈ, ਉਸੇ ਹੀ ਤਰ੍ਹਾਂ ਚੱਲ ਰਿਹਾ ਹੈ।

ਸੋ ਕਹਿਣ ਦਾ ਮਤਲਬ ਹੈ ਕਿ ਉਹ ਤਾਕਤ, ਹੋਰ ਵੀ ਇੱਥੇ ਬਹੁਤ ਸਾਰੇ ਕੌਤਕ ਹੋਏ। ਆਪਾਂ ਇਸ ਵਾਸਤੇ ਨਹੀਂ ਬੈਠੇ, ਉਸ ਤਰ੍ਹਾਂ ਦੱਸਣ ਲੱਗੀਏ, ਆਪਣਾ ਟਾਇਮ ਹੀ ਨਹੀਂ ਮੁੱਕਣਾ ਪਰ ਇਹ ਹੈ ਕਿ ਜਿਨ੍ਹਾਂ ਕਿ ਭਾਅ ਜੀ ਕਹਿੰਦੇ ਹੁੰਦੇ ਸਨ, ਤੁਸੀਂ ਉਹਨਾਂ ਦੇ ਸਤਿਸੰਗ ਸੁਣੋ। ਸੰਤ ਕਿਰਪਾਲ ਸਿੰਘ ਜੀ ਨੇ ਕਿਹਾ ਸੀ ਕਿ (ਮੈਂ ਛੋਟਿਆਂ ਹੁੰਦਿਆਂ ਸੁਣਦਾ ਹੁੰਦਾ ਸੀ) ਕੋਈ ਟਾਇਮ ਆਵੇਗਾ, ਜਦੋਂ ਘਰਾਂ ਦੇ ਵਿੱਚ ਰਹਿਣਾ ਪਵੇਗਾ। ਮੇਰਾ ਖ਼ਿਆਲ ਹੈ ਕਿ ਉਹ ਵੀ ਰਹਿ ਕੇ ਵੇਖ ਲਿਆ ਹੈ ਜਾਂ ਆਉਣ ਵਾਲਾ ਹੈ, ਕੋਈ ਪਤਾ ਨਹੀਂ। ਉਹ ਮਾਲਕ ਨੂੰ ਪਤਾ ਹੈ ਪਰ ਇੱਕ ਗੱਲ ਹੈ। ਜਿਸ ਹਲਾਤਾਂ ਦੇ ਵਿਚ ਸੀ, ਮੇਰਾ ਖ਼ਿਆਲ ਹੈ ਕਿ ਕਿਸੇ ਨੂੰ ਕੋਈ ਮੁਸ਼ਕਲ ਨਹੀਂ ਆਈ। ਜੇ ਕੋਈ ਉਹਦੀ ਯਾਦ ਦੇ ਵਿੱਚ ਰਿਹਾ ਹੈ, ਉਸ ਦਾ ਨਾਂ ਲੈ ਕੇ ਵੀ ਉਸ

ਨੂੰ ਕੋਈ ਕਮੀ ਨਹੀਂ ਰਹੀ। ਬੀਜੀ, ਭਾਅ ਜੀ ਉਹਨਾਂ ਦਾ ਸਾਥ ਦਿੰਦੇ ਰਹੇ ਹਨ। ਇੱਥੇ ਵੀ ਇਹ ਹੋਈ ਸੀ। ਬਾਕੀ ਆਪਾਂ ਇਸ ਕਿਰਪਾਲ ਸਾਗਰ ਨੂੰ ਮਹਾਰਾਜ ਜੀ ਨੇ ਕਿਹਾ ਸੀ ਕਿ ਜੇ ਅਸੀਂ ਉਸ ਦੀ ਯਾਦ ਦੇ ਵਿੱਚ ਰਹੀਏ ਧਿਆਨ ਉਹ ਦੇ ਵਿੱਚ ਹੋਵੇ, ਹਲਾਤ ਜਿਸ ਤਰ੍ਹਾਂ ਦੇ ਮਰਜੀ ਹੋਣ, ਆਂਚ ਨਹੀਂ ਆਵੇਗੀ। ਉਸ ਨੇ ਕਦੀ ਆਉਣ ਵੀ ਨਹੀਂ ਦਿੱਤੀ। ਮੈਂ ਤੇ ਆਪਣੀ ਜਿੰਦਗੀ ਦੇ ਵਿੱਚ ਵੇਖਿਆ ਹੈ।

ਬੜੇ-ਬੜੇ ਮੁਸ਼ਕਲ ਟਾਇਮ ਵੀ ਆਏ। ਬਹੁਤ ਆਏ ਸੀ 1971 ਦੇ ਵਿੱਚ ਵੀ ਵੇਖਿਆ ਹੈ। 1965 ਦੇ ਵਿੱਚ ਅਸੀਂ ਬਹੁਤ ਛੋਟੇ ਸੀ। ਉਦੋਂ ਵੀ ਵੇਖਿਆ, ਉਸ ਸਮੇਂ ਮਹਾਰਾਜ ਜੀ ਨੇ ਕਿਹਾ ਸੀ, ਅਸੀਂ ਡੇਹਰਾਦੂਨ ਸੀ। ਹਲਾਤ ਇਸ ਤਰ੍ਹਾਂ ਦੇ ਸਨ। ਮਹਾਰਾਜ ਜੀ ਸੰਤ ਕਿਰਪਾਲ ਸਿੰਘ ਜੀ ਡੇਹਰਾਦੂਨ ਬੈਠੇ ਸਨ। ਇਹ ਜੋ ਮੈਂ ਦੱਸ ਰਿਹਾ ਹਾਂ ਸਾਡੇ ਨਾਲ ਵਾਪਰੀਆਂ ਹਨ, ਨਾ ਕਿ ਮੈਂ ਕਿਤਾਬਾਂ ਦੇ ਵਿੱਚੋਂ ਪੜ੍ਹੀਆਂ ਹਨ, ਨਾ ਕਿ ਕਿਸੇ ਨੇ ਦੱਸੀਆਂ ਹਨ। ਜਿਹੜੇ ਕਿ ਅਸੀਂ ਮਹਾਰਾਜ ਜੀ ਕੋਲ ਬੈਠੇ ਸਨ, ਉਹ ਗੱਲਾਂ ਸੁਣ ਰਹੇ ਸੀ।

1971 ਦੇ ਵਿੱਚ ਇਹ ਹਲਾਤ ਸਨ। ਮਹਾਰਾਜ ਨੂੰ ਭਾਅ ਜੀ ਨੇ ਪੁੱਛਿਆ ਕਿ ਮਹਾਰਾਜ ਜੀ ਕੀ ਹਲਾਤ ਹਨ ? ਕਹਿੰਦੇ ਬੀਜੀ ਨੂੰ, ਕਹਿ ਦੇ ਭਜਨ ਤੇ ਬੈਠ ਜਾਉ ਅਤੇ ਆਪੇ ਹੀ ਵੇਖ ਲਉ। ਬੀਜੀ ਜੀ ਬੈਠ ਗਏ। ਜਦੋਂ ਬੀਜੀ ਉੱਠੇ, ਬੀਜੀ ਕਹਿੰਦੇ ਮਹਾਰਾਜ ਜੀ ਇਹ ਤੇ ਲੜਾਈ ਲੱਗ ਗਈ ਹੈ। ਵੇਖੋ ਇੰਨ੍ਹੇ ਦਿਨ ਲੜਾਈ ਚੱਲਣੀ ਹੈ ਅਤੇ ਇਸ ਦਿਨ ਖ਼ਤਮ ਹੋ ਜਾਵੇਗੀ। ਭਾਅ ਜੀ ਉਸੇ ਵੇਲੇ ਉੱਠ ਗਏ ਅਤੇ ਕਹਿੰਦੇ, ਚੰਗਾ ਮਹਾਰਾਜ ਜੀ ਸਾਨੂੰ ਛੁੱਟੀ ਦਿਉ, ਅਸੀਂ ਪਿੰਡ ਜਾਣਾ ਹੈ। ਨਾਗ ਕਲਾਂ ਸਾਡਾ ਪਿੰਡ ਬਾਰਡਰ ਦੇ ਲਾਗੇ ਹੀ ਹੈ, ਕੋਈ ਦੂਰ ਨਹੀਂ ਹੈ। ਸਾਡਾ ਪਿੰਡ ਬਹੁਤ ਮਸ਼ਹੂਰ ਹੈ ਇਸ ਕੰਮ ਵਾਸਤੇ ਕਿਉਂਕਿ ਉੱਥੇ ਬੜੇ ਪੁਰਾਣੇ ਆਰਮੀ ਅਫ਼ਸਰ ਰਹਿੰਦੇ ਹੁੰਦੇ ਸਨ, ਜਿਹੜੇ ਬੜੇ ਪੁਰਾਣੇ ਸਨ। ਨਕਸ਼ੇ ਤੇ ਸਾਡਾ ਪਿੰਡ ਸੀ।

ਮਹਾਰਾਜ ਕਹਿੰਦੇ, ਠੀਕ ਹੈ ਬਈ। ਕਹਿੰਦੇ ਆ, ਜਾਉ ਤੁਹਾਡਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਅਸੀਂ ਗੱਡੀ ਤੇ ਚੱਲ ਪਏ। ਜਦੋਂ ਅਸੀਂ ਆ ਰਹੇ ਸੀ, ਰਸਤੇ ਦੇ ਵਿੱਚ ਕਈ ਲੋਕ ਮਿਲੇ। ਲੋਕਾਂ ਨੇ ਸਮਾਨ ਬੱਧਾ ਸੀ ਅਤੇ ਅੰਮ੍ਰਿਤਸਰ ਤੋਂ ਇੱਧਰ ਨੂੰ ਡਰਦੇ ਜਾ ਰਹੇ ਸੀ, ਜੋ ਹਲਾਤ ਦੇ ਵਿੱਚ ਹੁੰਦਾ ਹੈ ਬਈ ਅਤੇ ਭਾਅ ਜੀ ਵਾਪਸ ਜਾ ਰਹੇ ਹਨ। ਜਦੋਂ ਅਸੀਂ ਪਿੰਡ ਪਹੁੰਚੇ, ਸਾਰੇ ਪਿੰਡ ਦੇ ਲੋਕ ਇਕੱਠੇ ਹੋ ਗਏ। ਜੋ ਮੋਹਤਬਰ ਲੋਕ ਸਨ। ਕਹਿੰਦੇ ਆ ਗਏ ਤੁਸੀਂ, ਹੁਣ ਸਾਨੂੰ ਕੋਈ ਖ਼ਤਰਾ ਨਹੀਂ। ਭਾਅ ਜੀ ਕਹਿੰਦੇ ਉੱਥੇ ਇੱਕ ਗੱਲ ਹੈ ਸਾਡੇ ਪਿੰਡ ਦੀ ਮਸ਼ਹੂਰੀ ਹੈ। ਜਿੰਨੇ-ਜਿੰਨੇ ਪਿੰਡ ਹੁੰਦੇ, ਸਾਡੇ ਪਿੰਡ ਗੁਰੂਆਂ ਦਾ ਪ੍ਰਚਾਰ ਹੁੰਦਾ ਹੈ। ਉੱਥੇ ਸਾਡੇ ਤਾਂ ਭਾਅ ਜੀ ਕਹਿੰਦੇ ਹਾਂ ਬਈ ਤੁਹਾਡੇ ਮਹਾਰਾਜ ਜੀ ਹੈਗੇ ਹਨ ਉਨ੍ਹਾਂ ਨੂੰ, ਕੋਈ Problem ਨਹੀਂ, ਕਹਿੰਦੇ ਨਹੀਂ। ਇਸ ਮਾਮਲੇ ਵਿੱਚ ਤੇਰੇ ਤੇ ਜ਼ਿਆਦਾ ਯਕੀਨ ਹੈ। ਜੇ ਤੂੰ ਆ ਗਿਆ ਹੈ, ਬਜ਼ੁਰਗ ਵੀ ਕਹਿਣ। ਫਿਰ ਸਾਨੂੰ ਕੋਈ ਖ਼ਤਰਾ ਨਹੀਂ ਹੈ।

ਜਿਸ ਤਰ੍ਹਾਂ ਕਹਿੰਦੇ ਹੁੰਦੇ ਹਨ। ਹੁਣ ਅਸੀਂ ਸਰ੍ਹਾਣੇ ਥੱਲੇ ਬਾਂਹ ਦੇ ਕੇ ਸੌ ਸਕਦੇ ਹਾਂ। ਇਹ ਪਿੰਡ ਵਾਲਿਆ ਦੀ ਸੀ, ਜੋ ਅਸੀਂ ਸੁਣਦੇ ਸੀ। ਇਹ ਕਹਾਣੀਆਂ ਹਨ। ਚਲੋ ਮੈਂ ਤੇ ਅੱਜ ਉਹ ਪੜ੍ਹ ਰਹੇ ਸਨ। ਸਵੇਰੇ ਹੀ ਸਾਡੇ ਘਰ ਦੇ ਸ਼ੀਸ਼ੇ ਟੁੱਟ ਗਏ। ਇੱਕ ਲਹਾਰਕਾ ਸਾਡੇ ਲਾਗੇ ਪਿੰਡ ਹੈ, ਉਥੇ 17-18 ਬੰਬ ਡਿੱਗੇ ਸਨ। ਮੁੜ ਕੇ ਪਾਇਲੇਟ ਵੀ ਫੜਿਆ ਗਿਆ ਸੀ। ਇੰਨਾ ਖੜਾਕ ਹੋਇਆ ਕਿ ਸਾਰੇ ਸ਼ੀਸ਼ੇ ਟੁੱਟ ਗਏ ਫਿਰ ਪਾਇਲੇਟ ਨੇ ਦੱਸਿਆ ਕਿ ਇਹ ਨਾਗਾਂ ਵਾਸਤੇ ਸੀ। ਉਹ ਕਹਿੰਦਾ ਕਿ ਮੇਰੇ ਕੋਲੋਂ ਇਹ ਲੀਵਰ ਖਿੱਚਦੇ-ਖਿੱਚਦੇ ਉੱਥੇ ਅੱਗੇ ਚਲਿਆ ਗਿਆ। ਮੇਰੇ ਕੋਲੋਂ ਲੀਵਰ ਖਿੱਚਿਆ ਨਹੀਂ ਗਿਆ। ਜਿਹੜੇ ਸਾਡੇ ਪਿੰਡ ਉੱਪਰ ਬੰਬ ਸੁੱਟਣੇ ਸੀ ਉਹ ਲਵਾਰਕਾ ਪਿੰਡ ਸੁਟੇ ਗਏ।

ਮਹਾਰਾਜ ਜੀ ਕਹਿੰਦੇ, ਜੇ ਤੁਸੀਂ ਅੱਗ ਦੇ ਵਿੱਚ ਵੀ ਹੋਵੋਗੇ, ਫਿਰ ਵੀ ਤੁਹਾਨੂੰ ਬਚਾ ਲਵੇਗਾ ਪਰ ਤੁਹਾਡਾ ਧਿਆਨ

ਉਸ ਵੱਲ ਹੋ ਪਵੇ। ਮਕਸਦ ਵੱਡਾ ਹੋਣਾ ਚਾਹੀਦਾ ਹੈ ਮਕਸਦ ਇਨਸਾਨਾ ਵਾਲਾ ਹੋਣਾ ਚਾਹੀਦਾ ਹੈ। ਜੇ ਬਿਰਤੀ ਜਾਨਵਰਾਂ ਵਾਲੀ ਹੋ ਗਈ, ਮਕਸਦ ਛੋਟਾ ਬਣ ਗਿਆ ਤੇ ਉਹ ਜੋ ਪਾਵਰ ਹੈ, ਮਦਦ ਤਾਂ ਕਰੇਗੀ ਪਰ ਮੁਸ਼ਕਲਾਂ ਆਉਣਗੀਆ। ਸੋ ਸੋਚ ਉੱਚੀ ਹੋਵੇ ਪਰ ਕਿਸੇ ਦੇ ਮਨ ਵਿੱਚ ਮੈਲ ਨਾ ਹੋਵੇ ਕਿਉਂਕਿ ਜਿਸ ਦੇ ਦਿਲ ਵਿੱਚ ਮੈਲ ਹੋਵੇਗੀ, ਉਹਦੇ ਵਿੱਚ ਪਾਵਰ ਕਿਸ ਤਰ੍ਹਾਂ ਆਵੇਗੀ ? ਜਿਸ ਦੇ ਅੰਦਰ ਮੈਲ ਨਹੀਂ ਹੋਵੇਗੀ, ਉਹਦੇ ਵਰਗਾ ਕੋਈ ਪਵਿੱਤਰ, ਉਹਦੇ ਵਰਗੀ ਸ਼ਹਿਣਸ਼ੀਲਤਾ ਜਿੱਥੇ, ਉਹਦਾ ਵਾਸਾ ਹੋਵੇਗਾ, ਉੱਥੇ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਹੋਵੇਗੀ। ਕਿਰਪਾਲ ਸਾਗਰ ਦੇ ਵਿੱਚ ਮੁਸ਼ਕਲ ਤੇ ਕੋਈ ਨਹੀਂ ਇੱਡੀ ਵੱਡੀ ਕੋਈ ਪ੍ਰੋਬਲਮ ਤੇ ਨਹੀਂ। ਪਰ ਹਲਾਤ ਜੋ ਹੋਣੇ ਹਨ, ਉਹ ਹੋ ਗਏ ਹਨ। ਅੱਗੇ ਵੀ ਜਾ ਕੇ ਜਿਸ ਤਰ੍ਹਾਂ ਦੇ ਹੋਣਗੇ ਡਰਨ ਦੀ ਕੋਈ ਲੋੜ ਨਹੀਂ।

ਮਹਾਰਾਜ ਜੀ ਤੇ ਇੱਕ ਹੀ ਗੱਲ ਕਹਿੰਦੇ ਹੁੰਦੇ ਸਨ ਕਿ ਤੁਸੀਂ ਆਪਣਾ ਧਿਆਨ ਉੱਥੇ ਰੱਖੋ, ਕੁਛ ਵੀ ਹੋਵੇ। ਥੋੜ੍ਹੇ ਦਿਨ ਜਦੋਂ ਕਿਰਪਾਲ ਸਾਗਰ ਦੇ ਵਿੱਚ ਜਦੋਂ, ਨਵਾਂ-ਨਵਾਂ ਕਰੋਨਾ ਚਲਿਆ, ਸਾਰੇ ਮੂੰਹ ਢੱਕ ਕੇ ਬੈਠੇ ਸਨ। ਇੱਕ ਦੂਜੇ ਤੋਂ ਡਰੀ ਜਾਂਦੇ ਸਨ। ਪ੍ਰਚਾਰ ਹੀ ਇਸ ਤਰ੍ਹਾਂ ਦਾ ਸੀ। ਕੋਈ ਡਾਕਟਰਾਂ ਦੀ ਟੀਮ ਆ ਗਈ। ਗੱਲ ਹੀ ਇਸ ਤਰ੍ਹਾਂ ਦੀ ਸੀ ਕਿਉਂਕਿ ਅੰਗਰੇਜ਼ ਕਾਫ਼ੀ ਸਨ, ਉਹ ਅੰਗਰੇਜ਼ਾਂ ਨੂੰ ਵੇਖਣ ਆਏ। ਉਹ ਸੇਵਾ ਕਰ ਰਹੇ ਸਨ ਉਹ ਸਗੋਂ ਉਹਨਾਂ ਨੂੰ ਵੇਖ ਕੇ ਜੋ ਬਾਹਰ ਤੋਂ ਡਾਕਟਰ ਆਏ ਸਨ, ਉਹਨਾਂ ਨੂੰ ਥਿਊਰੀ ਦੱਸਣ ਲੱਗ ਪਏ, ਇਸ ਕਿਰਪਾਲ ਸਾਗਰ ਦੀ। ਕਹਿੰਦੇ ਕਮਾਲ ਹੈ ! ਤੁਸੀਂ ਤੇ ਸਾਡੇ ਨਾਲੋਂ ਵੀ ਜ਼ਿਆਦਾ ਜਾਣਦੇ ਹੋ।

ਸੋ ਉਹਨਾਂ ਨੇ ਹਰ ਇੱਕ ਜਗ੍ਹਾਂ ਤੇ ਮਿਸਾਲ ਪੈਦਾ ਕੀਤੀ ਹੈ। ਜੋ ਆਖਰੀ ਮੈਂਬਰ ਆਇਆ ਸੀ, ਉਹ ਅਜੇ ਕੱਲ੍ਹ ਹੀ ਗਿਆ ਹੈ। ਬਾਕੀ ਸਾਰੇ ਮੈਂਬਰ ਅਹਿਸਤੇ-ਅਹਿਸਤੇ ਚਲੇ ਗਏ। ਉਹਨਾਂ ਦੀਆਂ ਫਲਾਈਟਾਂ ਕੈਂਸਲ ਹੋ ਗਈਆਂ ਸਨ। ਪਰ ਜੋ ਇੱਥੋ ਲੈ ਕੇ ਗਏ, ਉਸ ਦੇ ਬਾਰੇ ਮੈਂ ਜਿੰਨਾ ਵੀ ਜ਼ਿਆਦਾ ਕਹਾਂ, ਉਹ ਵੀ ਘੱਟ ਨਜ਼ਰ ਆਉਂਦਾ ਹੈ। ਕਹਿੰਦੇ ਕਿ ਕਿਰਪਾਲ ਸਾਗਰ ਵਿੱਚ ਕਈ ਮੈਂਬਰ ਡੇੜ-ਡੇੜ ਮਹੀਨਾ ਇੱਥੋਂ ਲੇਟ ਗਏ। ਕਹਿਦੇ ਕਿ ਅਸੀਂ ਇੱਥੇ ਰਹਿ ਕੇ ਵੇਖਿਆ ਹੈ। ਅਸੀਂ ਦੋ ਹਫ਼ਤਿਆਂ ਜਾਂ ਤਿੰਨ ਹਫ਼ਤਿਆਂ ਵਾਸਤੇ ਆਉਂਦੇ ਸੀ। ਉਸ ਸਮੇਂ ਬੜਾ ਵਧੀਆਂ ਲੱਗਦਾ ਸੀ। ਹੁਣ ਅਸੀਂ ਦੋ ਮਹੀਨੇ ਰਹਿ ਕੇ ਵੇਖਿਆ ਹੈ। ਕਹਿੰਦੇ ਹੋਰ ਵੀ ਬੜਾ ਸੋਹਣਾ ਹੈ। ਕਹਿੰਦੇ ਇੱਥੇ ਤੁਸੀਂ ਬੜੇ ਸ਼ਾਂਤ ਹੋ ਕੇ ਕੰਮ ਕਰਦੇ ਹੋ। ਇੱਥੇ ਬੜ੍ਹਾ ਸ਼ਾਤਮਈ ਕੰਮ ਚੱਲ ਰਿਹਾ ਹੈ। ਉਹਨਾਂ ਨੇ ਸਾਡੀਆਂ ਮੁਸ਼ਕਲਾਂ ਵੀ ਵੇਖੀਆਂ। ਉਹ ਉਹਨਾਂ ਵਿੱਚ ਮੁਸ਼ਕਲਾਂ ਦੇ ਭਾਈਵਾਲ ਵੀ ਰਹੇ ਜਾਂ ਬਣੇ। ਜਿਹੜੀਆਂ ਅਸੀਂ ਹਰ ਇੱਕ ਚੀਜ਼ ਤੋਂ ਉਹਨਾਂ ਨੂੰ ਦੱਸਦੇ ਸੀ। ਦੱਸਦੇ ਸੀ ਕੀ ਵੇਖਦੇ ਸਨ ਪਰ ਕਹਿੰਦੇ ਇੰਨੇ ਸ਼ਾਂਤੀ ਦੇ ਨਾਲ ਕੰਮ ਹੋ ਰਿਹਾ ਹੈ। ਉਹ ਹਰ ਇੱਕ ਮੈਂਬਰ ਦੇ ਬਾਰੇ Positive ਸੀ ਸਾਰੇ। ਬੜੇ ਸ਼ਾਂਤ ਹੋ ਕੇ ਕੰਮ ਕਰ ਰਹੇ ਹਨ। ਇਸ ਜਗ੍ਹਾ ਕਿਹੋ ਜਿਹਾ ਵੀ ਮੁਸ਼ਕਲ ਟਾਇਮ ਹੋਵੇ, ਹਰ ਇੱਕ ਮੈਂਬਰ ਦੇ ਵਿੱਚ ਨਿਮਰਤਾ ਹੈ। ਆਪਣੀ ਸੰਗਤ ਸੇਵਾ ਵਿੱਚ ਵੀ ਲੱਗੀ ਸੀ। ਸਾਰਾ ਬਹੁਤ ਵਧੀਆਂ ਮਾਹੌਲ ਸੀ।

ਸੋ ਕਈ ਮੈਂਬਰ ਆਏ ਇੱਥੋਂ ਲੈਸਨ ਲੈ ਕੇ ਗਏ। ਸੋ ਆਪਾਂ ਵੇਖੀਏ ਕਿ ਸਾਡੀ ਜ਼ਬਾਨ ਦੇ ਵਿੱਚ ਮਿਠਾਸ ਅਤੇ ਨਿਮਰਤਾ ਹੋਣੀ ਚਾਹੀਦੀ ਹੈ। ਜੇ ਇਹ ਚੀਜ਼ਾਂ ਬਣੀਆਂ ਹੋਣ ਤਾਂ ਇਸ ਦਾ ਮਤਲਬ ਹੈ ਕਿ ਹੁਣ ਭਜਨ ਸਿਮਰਨ ਦਾ ਟਾਇਮ ਆ ਗਿਆ ਹੈ। ਕਿਉਂਕਿ ਜਦੋਂ ਇਹਨਾਂ ਚੀਜ਼ਾਂ ਦੀ ਕਮੀ ਹੋ ਜਾਵੇ ਸਮਝੋ ਕਿ ਅਸੀਂ ਆਪਣੇ ਆਪ ਤੋਂ ਦੂਰ ਚਲੇ ਗਏ, ਰੱਬ ਤੋਂ ਦੂਰ ਜਾਣਾ ਸ਼ੁਰੂ ਕਰ ਦਿੱਤਾ। ਕਿਉਂਕਿ ਉਸ ਦੇ ਵਿੱਚ ਕੜੱਤਣ ਵੀ ਆ ਜਾਵੇਗੀ ਸੋਚ ਦੇ ਵਿੱਚ ਕੜੱਤਣ ਆ ਜਾਵੇਗੀ ਜ਼ਬਾਨ ਦੇ ਵਿੱਚ ਕੜੱਤਣ ਆ ਜਾਵੇਗੀ। ਰੁਖਾਪਣ ਆ ਜਾਵੇਗਾ, ਇਨਸਾਨ ਦੇ ਵਿੱਚ । ਜਦੋਂ ਰੁਖਾਪਣ ਆ ਗਿਆ, ਸਮਝੋ ਕਿ ਮਨ ਲੋੜ ਤੋਂ ਜ਼ਿਆਦਾ ਹਾਵੀ ਹੋ ਗਿਆ ਹੈ।

ਇਨਸਾਨ ਫਿਰ ਉਸ ਦੀ ਯਾਦ ਦੇ ਵਿੱਚ ਬੈਠਣਾ ਸ਼ੁਰੂ ਕਰ ਦੇਵੇ, ਉਹ ਚੀਜ਼ ਜਿਹੜੀ ਹੈ, ਉਸ ਜ਼ਬਾਨ ਦੇ ਵਿੱਚ

ਮਿਠਾਸ ਆਉਣੀ ਸ਼ੁਰੂ ਹੋ ਜਾਵੇਗੀ। ਉਹ ਕੜੱਤਣ ਵੀ ਖ਼ਤਮ ਹੋ ਜਾਂਦੀ ਹੈ ਕਿਉਂਕਿ ਉਹ ਦਵਾਈ ਦੀ ਤਰ੍ਹਾਂ, ਜਿਸ ਤਰ੍ਹਾਂ ਵਿਟਾਮਨ ਚੂਸੀ ਜਾਂਦੇ ਹਾਂ ਜਾਂ ਹੋਰ ਕੋਈ ਦਵਾਈ ਲੈਂਦੇ ਹਾਂ ਇਹੀ ਚੀਜ਼ ਹੈ। ਸੋ ਬਈ ਅੱਜ ਦੀ ਸਰੋਵਰ ਦੀ ਪਰੰਪਰਾ ਹੈ, ਜੋ ਬੀਜੀ ਹੋਰੀਂ ਦੱਸ ਕੇ ਗਏ ਸੀ, ਉਸੇ ਤਰ੍ਹਾਂ ਕਰਨੀ ਹੈ। ਜਿਹੜੇ ਮੈਂਬਰ ਵੇਖ ਰਹੇ, ਉਸੇ ਤਰ੍ਹਾ ਸਾਰਿਆਂ ਦੀ ਹਾਜ਼ਰੀ ਹੈ ਬਈ। ਇਹ ਜ਼ਰੂਰ ਹੈ ਕਿ ਇਸ ਦੀ ਜਿਹੜੀ ਸਫ਼ਾਈ ਹੈ, ਬੜੀ ਰੀਝ ਨਾਲ ਕਰਨੀ ਹੈ। ਇਸ ਵਿੱਚ ਰੀਝ ਨਾਲ ਸਫ਼ਾਈ ਹੁੰਦੀ ਹੈ। ਨਾਲ-ਨਾਲ ਅੰਦਰ ਦੀ ਸਫ਼ਾਈ ਹੋਈ ਜਾਵੇ। ਇਹ ਜੋ ਕਿਰਪਾਲ ਸਾਗਰ ਧਾਰਮਿਕ ਸਥਾਨ ਬਣਦਾ ਹੈ ਉਹਦਾ ਮਤਲਬ ਹੀ ਇਹ ਹੈ। ਉਸ ਨੇ ਸੇਵਾ ਦਾ ਮੌਕਾ ਦੇਣਾ ਹੁੰਦਾ ਹੈ, ਸੇਵਾ ਦੇ ਨਾਲ ਭਾਂਡਾ ਬਾਹਰੋ ਨਹੀਂ, ਅੰਦਰੋਂ ਸਾਫ਼ ਹੋਣਾ ਚਾਹੀਦਾ ਹੈ। ਸਫ਼ਾਈ ਹੁੰਦੀ ਹੈ ਬਈ। ਇਹੋ ਜਿਹੇ ਕੰਮਾਂ ਦੇ ਵਿੱਚ ਇਕੱਲੀਆਂ ਮਸ਼ੀਨਾਂ ਵੀ ਕੰਮ ਨਹੀਂ ਦਿੰਦੀਆਂ। ਉਹਦਾ ਕੋਈ ਮਕਸਦ ਹੁੰਦਾ ਹੈ ਬਈ। ਉਹਦਾ ਧੰਨਵਾਦ ਕਰਨਾ ਚਾਹੀਦਾ ਹੈ।

ਇੱਕ ਚੀਜ਼ ਜੋ ਅਸੀਂ Lock down ਦੇ ਵਿੱਚ ਸਿਖਿਆ, ਜੋ ਵੇਖਿਆ, ਉਹਦੀ ਰਜ਼ਾ ਦੇ ਵਿਚ ਚੱਲੀ ਜਾਉ, ਵੇਖਦੇ ਰਹੋ। ਉਸ ਦਰਿਆ ਦਾ ਰੁਖ ਕਿਸ ਪਾਸੇ ਵੱਲ ਹੈ ? ਉਹ ਆਪਣੇ ਆਪ ਹੀ ਰਸਤਾ ਬਣਾਈ ਜਾਂਦਾ ਹੈ। ਇਸੇ ਤਰ੍ਹਾਂ ਜੋ ਮਿਸ਼ਨ ਹੈ, ਆਪਣੀ ਸਪੀਡ ਦੇ ਨਾਲ ਚੱਲ ਰਹਿਆ ਹੈ। ਤੁਸੀਂ ਵੇਖੋ, ਜੋ ਦੌੜਨ ਵਾਲਾ ਹੁੰਦਾ ਹੈ ਉਸ ਨੂੰ ਥ੍ਰੈਡਮਿਲ ਕਹਿੰਦੇ ਹਨ। ਜਿੱਥੇ ਲੋਕ ਦੌੜਦੇ ਹਨ। ਉਹ ਮੋਟਰ ਚੱਲਦੀ ਹੈ, ਇਨਸਾਨ ਉਸ ਦੇ ਉੱਪਰ ਦੌੜਦਾ ਹੈ। ਉਸ ਦੇ ਅਨੁਸਾਰ ਦੌੜਨਾ ਪੈਂਦਾ ਹੈ ਜੋ ਸਲੋਹ ਹੋਵੇਗਾ, ਉਹ ਡਿੱਗ ਪਵੇਗਾ। ਸੋ ਜੋ ਮਿਸ਼ਨ ਆਪਣੀ ਸਪੀਡ ਨਾਲ ਚੱਲ ਰਿਹਾ ਹੈ। ਅਸੀਂ ਉਸ ਦੇ ਨਾਲ ਚੱਲਣਾ ਹੈ ਬਈ। ਉਸ ਨਹੀਂ ਰੁੱਕਣਾ ਬਲਕਿ ਅਸੀਂ ਉਹਦੇ ਮੁਤਾਬਿਕ ਚੱਲਣਾ ਹੈ। ਜੇ ਸਾਡੇ ਦਿਮਾਗ ਦੇ ਵਿੱਚ ਇਹ ਆ ਜਾਵੇ ਕਿ ਮਿਸ਼ਨ ਸਾਡੇ ਮੁਤਾਬਿਕ ਚੱਲ ਰਿਹਾ ਹੈ, ਇਸ ਤੋਂ ਵੱਡੀ ਕੋਈ ਗ਼ਲਤ ਫਹਿਮੀ ਨਹੀਂ ਹੋ ਸਕਦੀ। ਜੇ ਅਸੀਂ ਉਸ ਨੂੰ ਚਾਰ ਕਿਲੋਮੀਟਰ ਸਪੀਡ ਤੇ ਫਿਕਸ ਕੀਤਾ ਹੈ ਤਾਂ ਸਾਨੂੰ ਚਾਰ ਕਿਲੋਮੀਟਰ ਹੀ ਚੱਲਣਾ ਪੈਂਦਾ ਹੈ। ਜੇ ਰੱਬ ਨੇ ਚਾਰ ਕਿਲੋਮੀਟਰ ਫਿੱਟ ਕੀਤਾ ਹੈ, ਸਾਨੂੰ ਉਸ ਮੁਤਾਬਿਕ ਹੀ ਚੱਲਣਾ ਪੈਂਦਾ ਹੈ। ਜੇ ਅਸੀਂ ਇਸ ਮਕਸਦ ਨੂੰ ਪਾਉਣਾ ਹੈ। ਨਾ ਹੀ ਅਸੀਂ ਪੁੱਠਾ ਚੱਲ ਸਕਦੇ ਹਾਂ, ਜਿਹੜਾ ਪੁੱਠਾ ਚੱਲੇਗਾ ਉਹ ਧੌਣ ਪਰਨੇ ਡਿੱਗ ਪਵੇਗਾ।

ਸੋ ਇਸ ਕਿਰਪਾਲ ਸਾਗਰ ਦੇ ਵਿੱਚ ਮੈਂ ਇਹੋ ਦੱਸਣ ਦੀ ਕੋਸ਼ਿਸ ਕਰਦਾ ਹਾਂ ਕਿ ਉਹ ਦੱਸ ਰਹੇ ਸਨ ਕਿ ਕੋਈ ਚੀਜ਼ ਇੱਥੋਂ ਲੱਭ ਰਹੇ ਸੀ। ਜੋ ਕਿਸੇ ਦੀ ਕੋਈ ਖ਼ਾਹਸ਼ ਹੋਵੇਗੀ। ਮੈਨੂੰ ਕਿਸੇ ਨੇ ਕਿਹਾ ਕਿ ਕਿਸੇ ਕਿੱਲ ਠੋਕੇ ਹਨ, ਉਹ ਠੋਕਿਆ ਹੈ। ਮੈਂ ਕਿਹਾ ਕਿ ਠੋਕਣ ਦਿਉ। ਉਹਨਾਂ ਨੂੰ ਤਰਖਾਣਾ ਵਾਲਾ ਕੰਮ ਕਰਨ ਦਿਉ। ਇੱਥੇ ਕੁਛ ਨਹੀਂ ਹੋਣਾ। ਪੁੱਠਾ ਹੋਵਗਾ। ਕੋਈ ਗ਼ਲਤ ਫਹਿਮੀ ਦੇ ਵਿੱਚ ਨਾ ਰਹੇ। ਇਸ ਮਿਸ਼ਨ ਦੇ ਵਿੱਚ ਸਾਫ਼ ਹੋ ਕੇ ਆਵੇ, ਕੋਈ ਉਪਾਅ ਕੰਮ ਨਹੀਂ ਆਵੇਗਾ ਕੋਈ ਵੀ ਚੀਜ਼ ਕੰਮ ਨਹੀਂ ਆਉਣੀ, ਸਭ ਤੋਂ ਵੱਡਾ ਉਪਾਅ ਕੰਮ ਆਵੇਗਾ। ਜੇ ਸਾਡਾ ਦਿਲ ਸਾਫ਼ ਹੋਵੇਗਾ। ਸਰੋਵਰ ਆ ਜਾਉ ਅਤੇ ਪ੍ਰੇਅਰ ਕਰੋ। ਇਸ ਤੋਂ ਵੱਡਾ ਕੋਈ ਉਪਾਅ ਨਹੀਂ ਹੈ। ਆਪਣਾ ਉੱਲਟ ਪੁੱਲਟ ਕਰਕੇ ਨੁਕਸਾਨ ਨਾ ਕਰਵਾ ਲੈਣਾ। ਵੈਸੇ ਮੈਂ ਤੁਹਾਨੂੰ ਕਹਿੰਦਾ ਹਾਂ। ਕੋਈ ਵੀ ਮੈਂਬਰ ਹੋਵੇ, ਅਸੀਂ ਆਪਣੀ ਜ਼ਿੰਦਗੀ ਦੇ ਵਿੱਚ ਜਦੋਂ ਅਸੀਂ ਪਿੰਡ ਰਹਿੰਦੇ ਹੁੰਦੇ ਸੀ ਲੋਕ ਚੀਜ਼ਾਂ ਕਰਦੇ ਸੀ। ਉਹ ਕਰਦੇ ਸੀ ਸਗੋਂ ਉੱਲਟਾ ਉਹਨਾਂ ਦਾ ਨੁਕਸਾਨ ਹੁੰਦਾ ਸੀ।

ਇੱਕ ਦੂਜੇ ਦਾ ਨੁਕਸਾਨ ਨਹੀਂ ਕਰ ਸਕਦਾ, ਇਸ ਜਗ੍ਹਾਂ 'ਤੇ ਜੇ ਉਸ ਵੱਲ ਮੂੰਹ ਹੋਵੇਗਾ। ਦੁਨੀਆਂ ਦੇ ਵਿੱਚ ਕੋਈ ਤਾਕਤ ਨਹੀਂ, ਜੋ ਉਸ ਦਾ ਵਾਲ ਵਿੰਗਾ ਕਰ ਸਕੇ ਕਿਉਂਕਿ ਬੜੀ ਉੱਚੀ ਚੀਜ਼ ਹੈ ਮਾਲਕ। ਉਸ ਕੁੱਲ ਮਾਲਕ ਦਾ ਨਾਂ ਇੰਨ੍ਹਾਂ ਉੱਚਾ ਹੈ ਤੇ ਉਹ ਆਪ ਇਸ ਜਗ੍ਹਾਂ 'ਤੇ ਹੈ। ਇੱਕ-ਇੱਕ ਮਿਲੀਮੀਟਰ ਦੇ ਵਿੱਚ ਹਰ ਇੱਕ ਜਗ੍ਹਾਂ ਦੇ ਵਿੱਚ ਆਪ ਹੈ। ਸੋ ਆਪਣੇ ਆਪ ਨੂੰ ਕੋਈ ਧੋਖੇ ਵਿੱਚ ਨਾ ਰੱਖੇ, ਨਾ ਕੋਈ ਮੈਂਬਰ ਇਹ ਆਖੇ। ਨਹੀਂ ਬਈ ! ਮਾਲਕ ਨੂੰ ਦਿਲ ਦਿੱਤੇ ਤੋਂ ਬਿਨਾਂ, ਅੱਗੇ ਕੋਈ ਨਹੀਂ ਨਿਕਲ ਸਕਦਾ। ਅੱਗੇ ਨਿਕਲਣ ਦਾ ਕਾਰਨ ਕੀ ਹੈ ? ਜਿਹੜਾ ਦਿਲ ਦੇਵੇਗਾ, ਉਸ ਨੂੰ ਅੱਗੇ ਨਿਕਲਣ ਦਾ ਪਤਾ ਹੀ ਨਹੀਂ। ਉਹ ਤੇ ਉਸ ਦੇ ਨੇੜੇ ਆਇਆ ਹੈ। ਉਹਦੇ ਵਿਚ ਤਾਂ ਉਹ ਚੀਜ਼ ਹੀ ਖ਼ਤਮ ਹੋ ਗਈ ਹੈ, ਖ਼ਤਮ ਹੋ ਜਾਵੇਗੀ।

ਉਹ ਅੱਗੇ ਹੋਵੇ ਅਤੇ ਉਹ ਪਿੱਛੇ ਚਲਿਆ ਜਾਵੇਗਾ। ਉਹ ਉਸ ਨੂੰ ਉੱਚਾ ਕਰੇਗਾ, ਓਹ ਅੱਗੇ ਚਲਿਆ ਜਾਵੇਗਾ ਅਤੇ ਉਹ ਪਿੱਛੇ ਚਲਿਆ ਜਾਵੇਗਾ। ਜਿਹੜੀ ਸਾਡੀ ਸੋਚ ਹੈ। ਸੋ ਮੈਂ ਬੜਾ ਖੁੱਲ ਕੇ ਦੱਸ ਰਿਹਾ ਹਾਂ, ਕਿਸੇ ਨੂੰ ਇਸ ਕਿਰਪਾਲ ਸਾਗਰ ਦੇ ਵਿੱਚ ਡਰਨ ਦੀ ਲੋੜ ਨਹੀਂ ਹੈ। ਜਿਹੜਾ ਮੈਂਬਰ ਉਸ ਦੀ ਰਜ਼ਾ ਦੇ ਵਿੱਚ ਰਹੇਗਾ ਦਿਲੋਂ ਪ੍ਰੇਅਰ ਕਰੇਗਾ ਕਿਉਂਕਿ ਦਿਲ ਦੀ ਪੁਕਾਰ ਦਿਲੋਂ ਹੀ ਸੁਣੀ ਜਾਂਦੀ ਹੈ।

ਦਿਲ ਦੀ ਅਵਾਜ਼ ਕਦੀ ਵੀ ਸੁਣੀ ਜਾਂਦੀ ਹੈ। ਉਹ ਮਾਲਕ ਕਦੀ ਤਰਲੇ ਨਹੀਂ ਕਢਵਾਉਂਦਾ। ਉਹ ਨਹੀਂ ਕਹਿੰਦਾ ਕਿ ਮੇਰੇ ਤਰਲੇ ਕੱਢ। ਉਹ ਕਹਿੰਦਾ ਦਿਲ ਦੇ ਨਾਲ ਪ੍ਰੇਅਰ ਸਿੱਖ ਲੈ। ਤੇਰੀ ਖ਼ਾਹਿਸ਼ ਪੂਰੀ ਹੋ ਜਾਵੇਗੀ। ਮਨ ਦੇ ਨਾਲ ਅਸੀਂ ਜੋ ਕੁਛ ਮੰਗੀ ਜਾਈਏ, ਉਹ ਚੀਜ਼ ਮਿਲਣੀ ਹੈ, ਜੋ ਤੁਹਾਡੇ ਵਾਸਤੇ ਠੀਕ ਹੈ ਬਈ। ਜਿਹੜੀ ਚੀਜ਼ ਸਾਡੇ ਵਾਸਤੇ ਹੈ। ਇੱਕ ਬੱਚਾ ਹੈ, ਉਹ ਕਹੇਗਾ ਕਿ ਇਹ ਚੀਜ਼ ਦੇ ਦਿਉ, ਜਿਹੜੀ ਉਸ ਦੀ ਸਿਹਤ ਵਾਸਤੇ ਚੰਗੀ ਨਹੀਂ ਹੈ। ਮਾਂ ਉਸ ਨੂੰ ਕਦੇ ਵੀ ਲੈ ਕੇ ਨਹੀਂ ਦੇਵੇਗੀ। ਉਹ ਲਾਰੇ ਲਾ ਦੇਵਗੀ। ਉਹ ਚੀਜ਼ ਨਹੀਂ ਦੇਵੇਗੀ, ਹੋਰ ਪਰ ਕੋਈ ਚੀਜ਼ ਦੇ ਦੇਵੇਗੀ। ਉਹ ਕਹੇਗੀ, ਮੈਂ ਉਸ ਤੋਂ ਵਧੀਆਂ ਚੀਜ਼ ਦਿੰਦੀ ਹਾਂ। ਪਰ ਇਹ ਚੀਜ਼ ਨਹੀਂ ਦੇਣੀ। ਉਹੋ ਚੀਜ਼ ਸਾਡੇ ਵਾਸਤੇ ਹੈ ਬਈ। ਜੇ ਚੀਜ਼ ਮੰਗਣੀ ਹੈ ਉੱਚੀ ਮੰਗੀਏ ਦੂਜੇ ਦੇ ਵਾਸਤੇ ਨਫ਼ਰਤ ਖ਼ਤਮ ਹੋਣੀ ਬਹੁਤ ਹੀ ਜ਼ਰੂਰੀ ਹੈ। ਜਿਸ ਦੇ ਅੰਦਰ ਨਫ਼ਰਤ ਹੈ, ਇਸ ਦਾ ਮਤਲਬ ਹੈ ਕਿ ਉਹ ਕੋਹਾਂ ਦੂਰ ਹੈ ਬਈ।

ਉਹ ਤਲੀਮ ਤੋਂ ਕੋਹਾਂ ਦੂਰ ਹੈ ਬਈ। ਪਿਆਰ ਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਇਸ ਤਰ੍ਹਾਂ ਕਰੀਏ। ਨਹੀਂ, ਪਿਆਰ ਦਾ ਮਤਲਬ ਹੈ ਕਿ ਕੋਈ ਨਫ਼ਰਤ ਨਾ ਹੋਵੇ। ਜੇ ਦੂਜਿਆਂ ਦੇ ਬਾਰੇ ਸਹੀ ਸੋਚਦੇ ਹਾਂ, ਇਹਦਾ ਮਤਲਬ ਹੈ ਉਸ ਨੂੰ ਹੀ ਪਿਆਰ ਕਹਿੰਦੇ ਹਨ ਬਈ। ਪਿਆਰ ਕੋਈ ਵਿਖਾਵਾ ਨਹੀਂ ਹੈ। ਜਿਹਨਾਂ ਅੰਗਰੇਜ਼ਾਂ ਦੀ ਗੱਲ ਕਰ ਰਿਹਾ ਸੀ, ਉਹ ਸਾਰੇ ਹੀ ਇਕੱਠੇ ਖਾਣਾ ਖਾਂਦੇ ਸਨ। ਸਾਰੇ ਇਕੱਠੇ ਰਹਿੰਦੇ ਸਨ। ਕਿਸੇ ਦੇ ਬਾਰੇ ਕੋਈ ਨਫ਼ਰਤ ਸੀ ਹੀ ਨਹੀਂ। ਉਹ ਇੰਨਾ ਵਧੀਆਂ ਤਰ੍ਹਾਂ ਮਹਿਸੂਸ ਕਰਦੇ ਸਨ। ਇੱਕ ਵਾਰ ਗਰਮੀ ਵੀ ਹੋ ਗਈ ਸੀ। ਇੱਕ ਨੂੰ ਸੀਟ ਹੀ ਨਹੀਂ ਮਿਲ ਰਹੀ। ਉਸ ਦੀ ਫਲਾਈਟ ਵੀ ਕੈਂਸਲ ਹੋ ਗਈ ਸੀ। ਜਦੋਂ ਫਲਾਈਟ ਕੈਂਸਲ ਹੋ ਗਈ ਸੀ, ਉਹ ਰੋਣ ਲੱਗ ਗਈ। ਹਾਂ ਜਾਣਾ ਉਸ ਦੀ ਮਜ਼ਬੂਰੀ ਸੀ। ਉੱਥੇ ਕੰਮ ਕਰਨਾ ਸੀ ਪਰ ਉਹ ਉੱਚੀ-ਉੱਚੀ ਰੋਣ ਲੱਗ ਪਈ। ਇਹ ਵੀ ਨਹੀਂ ਸੀ ਸੋਚਿਆ ਇੱਕ ਦਮ ਫਲਾਈਟ ਮਿਲ ਜਾਵੇ। ਜਿਹੜਾ ਮੈਂਬਰ ਡੇੜ ਮਹੀਨਾ ਕਿਤੇ ਫਸਿਆ ਹੋਵੇ, ਜਾ ਨਾ ਸਕੇ, ਉਸ ਨੂੰ ਫਲਾਈਟ ਮਿਲ ਜਾਵੇ, ਉਹ ਰੋਣ ਲੱਗ ਜਾਵੇ, ਇਹਦਾ ਮਤਲਬ ਹੈ ਕਿ ਉਸ ਦੀ ਅੰਦਰ ਦੀ ਭਾਵਨਾ ਕੀ ਹੋਵੇਗੀ ?

ਇੱਕ ਦੂਜੇ ਦੀ ਮਦਦ ਕਰਨੀ। ਕਿਰਪਾਲ ਸਾਗਰ ਦੇ ਵਿੱਚ ਕੋਈ ਵੀ ਟਾਇਮ ਆਵੇ, ਕੋਈ ਵੀ ਇੱਥੇ ਮੈਂਬਰ ਕਹਿ ਨਹੀਂ ਸਕਦਾ ਕਿ ਕਿਸੇ ਨੂੰ ਕੋਈ ਮੁਸ਼ਕਲ ਆਈ ਹੋਵੇ, ਇਸ ਜਗ੍ਹਾਂ ਤੇ। ਸਹੀ ਟਾਇਮ ਕੋਈ ਚੀਜ਼ ਲੇਟ ਹੋ ਗਈ ਹੋਵੇਗੀ ਪਰ ਇਸ ਜਗ੍ਹਾਂ ਤੇ ਸਾਰਿਆਂ ਨੇ ਇਸ ਤਰ੍ਹਾਂ ਬੇਲੈਂਸ ਬਣਾ ਕੇ ਰੱਖਿਆ ਹੈ ਕਿ ਕਿਸੇ ਚੀਜ਼ ਦੀ ਕਮੀ ਨਹੀਂ ਆਈ, ਆਉਣੀ ਵੀ ਨਹੀਂ। ਕਦੀ ਵੀ ਕਮੀ ਨਹੀਂ ਆਵੇਗੀ ਕਿਉਂਕਿ ਮਾਲਕ ਦਾ ਘਰ ਹੈ ਬਈ। ਮੇਰਾ ਇਹੋ ਹੀ ਸੀ ਕਿ ਅਸੀਂ ਦੋ ਚਾਰ ਮਹੀਨਿਆਂ ਬਾਅਦ ਮਿਲੇ ਹਾਂ। ਅਸੀ ਬੜਾ ਯਾਦ ਕਰਦੇ ਸੀ। ਮੈਂ ਟੈਲੀਫ਼ੂਨ ਕੀਤਾ ਸੀ ਕਿ ਜੇ ਕਿਸੇ ਨੂੰ ਕੋਈ ਮੁਸ਼ਕਲ ਆਈ ਹੋਵੇ, ਉੱਥੇ ਜਾ ਕੇ ਮਦਦ ਕਰੋ। ਉਂਞ ਅਸੀਂ ਸਾਰੇ ਠੀਕ ਹਾਂ, ਸਾਰੇ ਖ਼ੁਸ਼ ਹਾਂ। ਬਾਕੀ ਮਾਲਕ 'ਤੇ ਸਾਰਿਆ ਦੇ ਨਾਲ ਹੈ। ਉਹ ਤੇ ਕਿਸੇ ਜਗ੍ਹਾਂ ਦੇ ਨਾਲ ਵੀ ਬੱਝਾ ਨਹੀਂ ਹੈ, ਉਹ ਤੇ ਜਿੱਥੇ ਤੁਸੀਂ ਉਸ ਦੀ ਯਾਦ ਦੇ ਵਿੱਚ ਬੈਠ ਜਾਂਦੇ ਹੋ, ਉਹ ਹੀ ਮੰਦਰ ਹੈ। ਸਭ ਕੁਛ ਬਣ ਜਾਂਦਾ ਹੈ।

ਸਭ ਕੁਛ ਇਸੇ ਤਰ੍ਹਾਂ ਹੋਇਆ ਹੋਵੇਗਾ ? ਬਾਕੀ ਇਸ ਚੀਜ਼ ਨੇ ਬੜੀ ਉੱਚੀ ਸਾਨੂੰ ਸਿਖਿਆ ਦਿੱਤੀ ਹੈ ਕਿ ਕਿਸ ਤਰ੍ਹਾਂ ਮਿਲਣਾ ਹੈ ? ਸਫ਼ਾਈ ਕਿਸ ਤਰ੍ਹਾਂ ਰੱਖਣੀ ਹੈ ? ਮੇਰਾ ਖ਼ਿਆਲ ਹੈ ਕਿ ਨਾ ਹੀ ਭੁੱਲਿਆ ਜਾਵੇ ਤਾਂ ਚੰਗਾ ਹੈ । ਜੇ ਕਰੋਨਾ

ਹੀ ਸਮਝ ਲਿਆ ਜਾਵੇ। ਅਸਲੀ ਜ਼ਿੰਦਗੀ ਦੇ ਵਿੱਚ ਇਹ ਹੈ ਨਹੀਂ, ਤੇ ਆਪਣੇ ਹੱਥ ਸਾਫ਼ ਕਰਦੇ ਰਹਿਣੇ ਚਾਹੀਦੇ ਹਨ। ਪਰ ਲੋੜ ਤੋ ਜ਼ਿਆਦਾ ਡਰਨ ਦੀ ਜ਼ਰੂਰਤ ਨਹੀਂ ਹੈ। ਜੇ ਆਦਤ ਹੀ ਬਣਾ ਲਈ ਜਾਵੇ ਕਿਉਂਕਿ ਇੰਨਫੈਕਸ਼ਨ ਤੇ ਆਮ ਹੀ ਹੈ। ਹੁਣ ਇਹ ਨਹੀਂ ਤੇ ਹੋਰ ਆ ਜਾਵੇਗੀ, ਬੱਚਿਆਂ ਨੂੰ ਆਦਤ ਪੈ ਜਾਵੇਗੀ ਕਿ ਬਜ਼ਾਰੋ ਆਏ ਤੇ ਹੱਥ ਸਾਫ਼ ਕੀਤੇ। ਆਪਣੇ ਘਰ ਬੈਠਣ ਲੱਗਿਆ ਇਹ ਆਦਤਾਂ ਬਹੁਤ ਚੰਗੀਆਂ ਹਨ। ਇਹ ਮੁੱਢ ਤੋਂ ਹੀ ਪਾਈਆ ਜਾਣੀਆਂ ਚਾਹੀਦੀਆਂ ਹਨ।

ਇਹ ਸਹੀ ਗੱਲ ਹੈ ਪਰ ਜਿਹੜੀ ਉੱਚੀ ਚੀਜ਼ ਹੈ, ਉਹ ਕਦੇ ਵੀ ਨਹੀਂ ਬਦਲਦੀ ਬਈ। ਆਪਾਂ ਰਲ ਕੇ ਕਰਨਾ ਹੈ। ਹੋ ਸਕਦਾ ਹੈ ਅਸੀਂ ਕੱਲ੍ਹ ਚਲੇ ਜਾਈਏ। ਸਾਨੂੰ ਸਪੈਸ਼ਲ ਫਲਾਈਟ ਮਿਲੀ ਹੈ। ਬਾਕੀ ਜੇ ਕੋਈ ਮੁਸ਼ਕਲ ਆਵੇ, ਆਪਸ ਵਿੱਚ ਮਿਲ ਕੇ ਹੱਲ ਕਰ ਲਿਉ। ਮੈਂ ਵੇਖਿਆ ਹੈ ਕਿ ਜਦੋਂ ਕੋਈ ਵੀ ਪ੍ਰੋਬਲਮ ਆਉਂਦੀ ਸੀ, ਅਸੀਂ ਪਤਾ ਕੀ ਸੋਚਦੇ ਸੀ ਆਪਣੇ ਠੇਕੇਦਾਰ ਸਾਹਿਬ ਬੈਠੇ ਹਨ। ਸਾਰੇ ਇੱਥੇ ਬੈਠੇ ਹਨ। ਇਹ ਦੱਸੋ ਕਿ ਅਸੀਂ ਹੱਲ ਕਿਸ ਤਰ੍ਹਾਂ ਕਰਨਾ ਹੈ ? ਤਿੰਨ ਜਣੇ ਕਹਿੰਦੇ, ਇਹ ਦਾ ਹੱਲ ਇਸ ਤਰ੍ਹਾਂ ਹੋ ਸਕਦਾ ਹੈ। ਹੁਣ ਤੁਸੀਂ ਜਾਉਗੇ ਲੌਕ ਡਾਊਨ ਦੇ ਨਾਲ ਜਾਲ ਨਹੀਂ ਮਿਲਣਾ। ਇਹਨਾਂ ਸਾਰਿਆਂ ਨੇ ਡਾਕਟਰਾਂ ਨੂੰ ਛੱਡ ਕੇ, ਮੇਰਾ ਖ਼ਿਆਲ ਹੈ ਕੇ ਸਾਰੇ ਹੀ ਲੱਗੇ ਸਨ। ਜਾਲ ਬੁਣ ਲਿਆ ਹੈ। ਇਹਨਾਂ ਨੇ ਮਾੜੇ ਹਲਾਤਾਂ ਨੂੰ ਛੱਡ ਕੇ ਸਾਰੇ ਮੈਂਬਰ ਲੱਗੇ ਸਨ। ਮੈਂ ਕਿਸ ਦਾ ਨਹੀਂ ਬਈ, ਇੱਥੇ ਜਿੰਨੇ ਵੀ ਰਹਿਣ ਵਾਲੇ ਹਨ, ਕਈ ਕਿਆਰੀਆਂ ਦੇ ਵਿੱਚ ਲੱਗੇ ਸਨ, ਕਈਆਂ ਨੇ ਸਫ਼ਾਈ ਕੀਤੀ ਹੈ, ਕਈਆਂ ਜਾਲ ਬੁਣ ਲਿਆ ਹੈ।

ਇੱਕ ਵੀ ਮੈਂਬਰ ਨਹੀਂ ਰਿਹਾ, ਪਰ ਮੇਨ ਚੀਜ਼ ਕੀ ਹੈ ? ਇਸ ਦਾ ਹੱਲ ਕਿਸ ਤਰ੍ਹਾਂ ਕਰਨਾ ਹੈ ? ਉਸ ਵੇਲੇ ਕਦੀ ਵੀ ਕੰਮ ਨਹੀਂ ਰੁਕਿਆ। ਜਿੰਨਾ ਅਸੀਂ ਕਰੋਨੇ ਬੰਦ ਵਿੱਚ ਕੰਮ ਕੀਤਾ ਹੈ ਸ਼ਾਇਦ ਜੇ ਖੁੱਲ੍ਹਾ ਹੁੰਦਾ ਤੇ ਇੰਨਾ ਸਾਡੇ ਕੋਲੋਂ ਕੰਮ ਨਹੀਂ ਸੀ ਹੋਣਾ। ਅਸੀਂ ਸਿਰਫ਼ ਧਿਆਨ ਦਿੱਤਾ ਕਿ ਹੱਲ ਕਿਸ ਤਰ੍ਹਾਂ ਕਰਨਾ ਹੈ ? ਜ਼ਿੰਦਗੀ ਦਾ ਮਕਸਦ ਬਣਾ ਲਉ, ਜੇ ਕੋਈ ਮੁਸ਼ਕਲ ਆਉਂਦੀ ਹੈ ਕਿ ਹੱਲ ਕਿਸ ਤਰ੍ਹਾਂ ਕਰਨਾ ਹੈ ? ਹੱਲ ਸਾਹਮਣੇ ਪਿਆ ਹੁੰਦਾ ਹੈ। ਇੱਕ ਚੀਜ਼ ਵੇਖੀ ਹੈ ਕਿ ਕਿਸੇ ਕੋਲੋਂ ਕੋਈ ਗੱਲ ਸੁਣਦੇ ਹੋ, ਉਹ ਦੀ ਗੱਲ ਦੇ ਵਿੱਚ ਰੰਗਤ ਜ਼ਰੂਰ ਹੁੰਦੀ ਹੈ। ਜੇ ਦੂਜੇ ਦੀ ਵੀ ਗੱਲ ਸੁਣੀ ਜਾਵੇ ਤਾਂ ਉਹ ਕਾਫ਼ੀ ਨਰਮ ਪੈ ਜਾਂਦੀ ਹੈ। ਉਹ ਕਿਸੇ ਨੇ ਕੁਛ ਹੋਰ ਮੂਡ ਦੇ ਵਿੱਚ ਕਿਹਾ ਹੁੰਦਾ ਹੈ। ਜਦੋਂ ਤੁਸੀਂ ਸੁਣਦੇ ਹੋ, ਉਦੋਂ ਹਲਾਤ ਬਦਲ ਗਏ ਹੁੰਦੇ ਹਨ, ਉਹਦਾ ਮਤਲਬ ਹੀ ਬਦਲ ਜਾਂਦਾ ਹੈ। ਉਸ ਨੂੰ ਉਹਨਾਂ ਹਲਾਤਾਂ ਦੇ ਮੁਤਾਬਿਕ ਕਹੀ ਹੁੰਦੀ ਹੈ। ਉਹਦਾ ਮਤਲਬ ਹੋਰ ਹੈ। ਉਸੇ ਚੀਜ਼ ਦਾ ਮਤਲਬ ਬਦਲ ਜਾਂਦਾ ਹੈ, ਸੋਚ ਮਾੜੀ ਨਹੀਂ ਹੁੰਦੀ। ਜਿਹੜੇ ਹੈ, ਉਸ ਵੇਲੇ ਕੀ ਸੀ ਤੇ ਹੁਣ ਕੀ ਹੈ ?

ਇਸੇ ਕਰਕੇ ਹਲਾਤ ਮਾੜੇ ਹੁੰਦੇ ਹਨ। ਇਨਸਾਨ ਮਾੜਾ ਨਹੀਂ ਹੁੰਦਾ। ਭਾਅ ਜੀ ਕਹਿੰਦੇ ਹੁੰਦੇ ਸਨ। ਮੈਂ ਨੋਟ ਕਰਕੇ ਵੇਖੀਆਂ ਹਨ। ਮੈਂ ਕਿਹਾ ਨਹੀਂ, ਕਹਿੰਦਾ ਮੇਰਾ ਮਤਲਬ ਇਹ ਸੀ ਅਤੇ End (ਅੰਤ) ਵਿੱਚ ਕੀ ਨਿਕਲਿਆ, ਕੁਛ ਵੀ ਨਹੀਂ। ਸੋ ਜਿਸ ਹਲਾਤ ਵਿੱਚ ਗੱਲ ਕੀਤੀ, ਉਹ ਵੀ ਠੀਕ ਸੀ, ਜਿਸ ਹਲਾਤ ਦੇ ਵਿੱਚ ਮੇਰੇ ਕੋਲ ਆਈ ਉਹ ਕੁਛ ਹੋਰ ਸੀ। ਮੈਂ ਕਿਹਾ ਕਿਉਂ ਇਸ ਤਰ੍ਹਾਂ ਦਾ ਨਹੀਂ ਹੈ, ਜ਼ਿੰਦਗੀ ਇਸ ਤਰ੍ਹਾਂ ਦੀ ਨਹੀਂ, ਇਸ ਨੇ ਕਿਸ ਤਰ੍ਹਾਂ ਕਰ ਦਿੱਤਾ ? ਜਦੋਂ ਮੈਂ ਦੋਨਾਂ ਨੂੰ (ਮਿਲਾਇਆ) Compare ਕੀਤਾ ਤੇ ਕੁਛ ਵੀ ਨਹੀਂ ਸੀ। ਸੋ ਹਲਾਤ ਦੇ ਮੁਤਾਬਿਕ ਕੋਈ ਕਿਸੇ ਦੀ ਗੱਲ ਸੁਣੇ, ਤਾਂ ਉਹਦੇ ਨਾਲ ਜਜਮੈਂਟ ਨਹੀਂ ਦੇਣੀ ਕਿ ਇਹ ਬੰਦਾ ਚੰਗਾ ਹੈ ਜਾਂ ਮਾੜਾ ਹੈ ਕਿਉਂਕਿ ਕਈ ਚੀਜ਼ਾਂ ਹਲਾਤਾਂ ਮੁਤਾਬਿਕ ਵੇਖਣੀਆਂ ਪੈਂਦੀਆਂ ਹਨ। ਹੁਣ ਜਿਸ ਤਰ੍ਹਾਂ ਪੰਜਾਬੀ ਦੇ ਵਿੱਚ ਜੁਗਾੜ ਬੜੇ ਕੀਤੇ ਹਨ। ਸੋ ਹੁਣ ਜੇ ਕਾਪੀ ਕਰਕੇ ਵੇਖੋ, ਫਿਰ ਕਾਪੀ ਨਹੀਂ ਹੋਣੀ। ਉਹ ਦਾ ਹੀ ਕੁਛ ਬਣਾ ਦਿੱਤਾ ਹੈ। ਬਾਕੀ ਮੈਂ ਬਹੁਤ ਜ਼ਿਆਦਾ ਨਹੀ ਬੋਲਿਆ। ਮੈਂ ਅੱਧਾ ਘੰਟਾ ਹੀ ਬੋਲਿਆ ਹੈ। ਬਹੁਤ ਚੰਗਾ ਲੱਗਾ ਹੈ। ਇਕ ਵਾਰੀ ਆਪਾਂ ਫਿਰ ਬੈਠਾਂਗੇ। ਜੋ ਮੇਨ ਹਨ, ਕੁਛ ਪਲੈਨਿੰਗ ਕਰਨੀ ਹੈ।

**ਸਮਾਪਤ ਹੈ .........//**